# ਵਿਸ਼ਵਕਰਮਾ ਕਾਲਜ ਲੜਕੀਆਂ
ਦਿੜ੍ਹਬਾ ਮੰਡੀ (ਸੰਗਰੂਰ)
# VISHAVKARMA COLLEGE FOR GIRLS
DIRBA MANDI (SANGRUR)

(Affiliated to Punjabi University Patiala (Aff. No. 20961)




# ਪ੍ਰਾਸਪੈਕਟਸ
# PROSPECTUS
## 2020-2021

Contact : 98884-97805
73472-72522
E-mail : vkcdirba1@yahoo.co.in
Website : www.vishvkarma.ac.in
vishavkarma college for girls

# ਵਿਸ਼ਵਕਰਮਾ ਕਾਲਜ ਲੜਕੀਆਂ

ਦਿੜ੍ਹਬਾ ਮੰਡੀ (ਸੰਗਰੂਰ)

# VISHAVKARMA COLLEGE FOR GIRLS

**DIRBA MANDI (SANGRUR)**

**(Affiliated to Punjabi University Patiala (Aff. No. 20961)**




# ਪ੍ਰਾਸਪੈਕਟਸ

# PROSPECTUS

## 2020-2021

**Contact : 98884-97805**
**73472-72522**
**E-mail : vkcdirba1@yahoo.co.in**
**Website : www.vishvkarma.ac.in**
**vishavkarma college for girls**

# ਵਿਸ਼ਵਕਰਮਾ ਕਾਲਜ ਲੜਕੀਆਂ

ਦਿੜ੍ਹਬਾ ਮੰਡੀ (ਸੰਗਰੂਰ)

# VISHAVKARMA COLLEGE FOR GIRLS

**DIRBA MANDI (SANGRUR)**

**(Affiliated to Punjabi University Patiala (Aff. No. 20961)**

ਦਿੜ੍ਹਬਾ ਮੰਡੀ ਸੰਗਰੂਰ




# ਪ੍ਰਾਸਪੈਕਟਸ

# PROSPECTUS

## 2020-2021

Contact : 98884-97805
73472-72522
E-mail : vkcdirba1@yahoo.co.in
Website : www.vishvkarma.ac.in
vishavkarma college for girls

# ਵਿਸ਼ਵਕਰਮਾ ਕਾਲਜ ਲੜਕੀਆਂ

ਦਿੜ੍ਹਬਾ ਮੰਡੀ (ਸੰਗਰੂਰ)

# VISHAVKARMA COLLEGE FOR GIRLS

**DIRBA MANDI (SANGRUR)**

**(Affiliated to Punjabi University Patiala (Aff. No. 20961)**




# ਪ੍ਰਾਸਪੈਕਟਸ

# PROSPECTUS

# 2020-2021

Contact : 98884-97805
73472-72522
E-mail : vkcdirba1@yahoo.co.in
Website : www.vishvkarma.ac.in
vishavkarma college for girls

# ਵਿਸ਼ਵਕਰਮਾ ਕਾਲਜ ਲੜਕੀਆਂ
## ਦਿੜ੍ਹਬਾ ਮੰਡੀ (ਸੰਗਰੂਰ)
# VISHAVKARMA COLLEGE FOR GIRLS
## DIRBA MANDI (SANGRUR)

### ਉਦੇਸ਼

- ਸਮਾਜ ਦੇ ਸਾਰੇ ਵਰਗਾਂ ਖਾਸ ਕਰਕੇ ਪੇਂਡੂ ਅਤੇ ਪਛੜੇ ਵਰਗਾਂ ਦੀਆਂ ਲੜਕੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ।
- ਲੜਕੀਆਂ ਨੂੰ ਸਿੱਖਿਅਤ ਅਤੇ ਸਸ਼ਕਤ ਕਰਨਾ ਤਾਂ ਜੋ ਉਹ ਸਮਾਜ ਪ੍ਰਤੀ ਉਸਾਰੂ ਤੇ ਹਾਂ ਪੱਖੀ ਰਵਈਆ ਅਪਣਾਉਣ ਅਤੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਣ ।
- ਲੜਕੀਆਂ ਦੇ ਵਿਅਕਤਿਤਵ ਨੂੰ ਇਸ ਤਰ੍ਹਾਂ ਨਿਖਾਰਨਾ ਤਾਂ ਜੋ ਉਹ ਉੱਚੇ ਆਚਰਣ ਦੀਆਂ ਮਾਲਕ ਬਣ ਸਕਣ ।
- ਉਨ੍ਹਾਂ ਦੇ ਵਿਦਿਅਕ ਅਤੇ ਮਾਨਸਿਕ ਗਿਆਨ ਵਿੱਚ ਵਾਧਾ ਕਰਨਾ ਅਤੇ ਉਨ੍ਹਾਂ ਨੂੰ ਸਵੈ-ਨਿਰਭਰ ਅਤੇ ਕਿੱਤਾ ਮੁੱਖੀ (self oriented) ਬਣਾਉਣਾ ।



ਕਾਲਜ ਦੇ ਡਾਇਰੈਕਟਰ ਮੈਡਮ ਹਰਪ੍ਰੀਤ ਕੌਰ ਧੀਮਾਨ ਡੀ.ਐਸ.ਪੀ. ਨਵਨੀਤ ਕੌਰ ਗਿੱਲ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ, ਨਾਲ ਬੈਠੇ ਹਨ ਕਾਲਜ ਦੇ ਪ੍ਰਿੰਸੀਪਲ ਡਾ. ਹਰਜੋਤ ਕੌਰ।



ਕਾਲਜ ਦੇ ਸਲਾਨਾ ਸਮਾਗਮ ਤੇ ਐਮ.ਐੱਲ.ਏ. ਸ. ਸੁਰਜੀਤ ਸਿੰਘ ਧੀਮਾਨ (ਹਲਕਾ ਅਮਰਗੜ੍ਹ) ਸ਼ਮਾਂ ਰੌਸਨ ਕਰਦੇ ਹੋਏ।



**ਸੱਚਖੰਡਵਾਸੀ ਸੰਤ ਬਲਵੰਤ ਸਿੰਘ ਜੀ**
**ਸਿੱਧਸਰ ਸਿਹੌੜਾ ਸਾਹਿਬ ਵਾਲੇ।**

☆ ਗਿਆਨ ਅੰਜਨ ਗੁਰਿ ਦੀਆਂ ਅਗਿਆਨ ਅੰਧੇਰੁ ਬਿਨਾਸੁ ।।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।
(ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 293)

☆ ਵਿਦਿਆ ਵੀਚਾਰੀ ਤਾਂ ਪਰਉਪਕਾਰੀ ।।
(ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 356)

☆ ਕੁੰਭੈ ਬਧਾ ਜਲ ਰਹੈ ਜਲ ਬਿਨੁ ਕੁੰਭੁ ਨ ਹੋਇ।।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ।।
(ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 469)

☆ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।
(ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 463)

☆ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।।
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ।।
(ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 256)



**ਸਵ: ਮਿਤੀ 4-2-2010**

# ਸਵ: ਸ੍ਰੀਮਤੀ ਸੀਤੋ ਕੌਰ ਅਤੇ ਸ੍ਰੀ ਰਾਮ ਚੰਦ ਧੀਮਾਨ ਜੀ ਦੀ ਨਿੱਘੀ ਯਾਦ ਨੂੰ ਸਮ੍ਰਪਿਤ ਵਿਸ਼ਵਕਰਮਾ ਕਾਲਜ ਫਾਰ ਗਰਲਜ਼, ਦਿੜ੍ਹਬਾ ਮੰਡੀ (ਸੰਗਰੂਰ)



**ਸਵ: ਮਿਤੀ 4-5-2002**



**ਸਰਦਾਰ ਸੁਰਜੀਤ ਸਿੰਘ 'ਧੀਮਾਨ'**
**ਐਮ.ਐੱਲ.ਏ.**
**ਵਿਧਾਨ ਸਭਾ ਹਲਕਾ ਅਮਰਗੜ੍ਹ**



**ਸਰਦਾਰ ਅਮਰਜੀਤ ਸਿੰਘ 'ਧੀਮਾਨ'**
**ਐਮ.ਡੀ.ਵਿਸ਼ਵਕਰਮਾ ਐਗਰੋ ਇੰਡਸ:**
**ਦਿੜ੍ਹਬਾ ਮੰਡੀ**

# ਕਾਲਜ ਸੰਬੰਧੀ ਜਾਣਕਾਰੀ

ਦਿੜ੍ਹਬਾ ਸੰਗਰੂਰ ਜ਼ਿਲ੍ਹੇ ਦਾ ਇਕ ਅਜਿਹਾ ਪਿੰਡ ਹੈ ਜਿਹੜਾ ਪਛੜੇ ਇਲਾਕੇ ਦੇ ਤੌਰ ਤੇ ਜਾਣਿਆ ਜਾਂਦਾ ਹੈ । ਇਸ ਇਲਾਕੇ ਵਿੱਚ ਲੜਕੀਆਂ ਲਈ ਕੋਈ ਵੀ ਅਜਿਹਾ ਕਾਲਜ ਨਹੀ ਸੀ ਜਿਥੇ ਲੜਕੀਆਂ ਉੱਚ ਸਿੱਖਿਆ ਪ੍ਰਾਪਤ ਕਰ ਸਕਣ। ਧੀਮਾਨ ਪਰਿਵਾਰ ਵਲੋਂ 5 ਮਈ 2008 ਵਿੱਚ ਇਸ ਇਲਾਕੇ ਵਿੱਚ ਖੋਲ੍ਹਿਆ ਇਹ ਕਾਲਜ ਆਪਣੇ ਆਪ ਵਿੱਚ ਇੱਕ ਵੱਡਾ ਉਪਰਾਲਾ ਹੈ। ਜਿਥੇ ਇਸ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚੋਂ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਹੈ। ਇਸ ਕਾਲਜ ਵਿੱਚ ਵਿਦਿਆਰਥਣਾਂ ਨੂੰ ਪੜ੍ਹਣ ਲਈ ਸੁਖਾਵਾਂ ਅਤੇ ਸੁਰਖਿੱਅਤ ਵਾਤਾਵਰਣ ਪ੍ਰਦਾਨ ਕੀਤਾ ਜਾਂਦਾ ਹੈ।

ਇਹ ਕਾਲਜ ਦਿੜਬੇ ਤੋਂ 3 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਜੋ ਪੰਜਾਬੀ ਯੂਨੀਵਰਸਿਟੀ ਨਾਲ ਐਫੀਲਿਏਟਿਡ ਹੈ। ਇਸ ਦੇ ਚੌਤਰਫੀ ਖੁਲ੍ਹੇ ਹਰੇ ਭਰੇ ਖੇਤ, ਉੱਚੇ ਲੰਬੇ ਛਾਂਦਾਰ ਰੁੱਖ ਵਧੀਆ ਕੁਦਰਤੀ ਨਜ਼ਾਰਾ ਅਤੇ ਮਨਮੋਹਕ ਵਾਤਾਵਰਣ ਦੀ ਦਿੱਖ ਪੇਸ਼ ਕਰਦੇ ਹਨ। ਕਾਲਜ ਦੇ ਮਿਹਨਤੀ ਅਤੇ ਤਜ਼ਰਬੇਕਾਰ ਸਟਾਫ ਤੋਂ ਇਲਾਵਾ ਇਸ ਕਾਲਜ ਦੀ ਵਧੀਆ ਬਿਲਡਿੰਗ, ਲਾਇਬਰੇਰੀ, ਕੰਪਿਊਟਰ ਲੈਬ, wi-fi ਅਤੇ ਲੜਕੀਆਂ ਲਈ ਕਾਮਨ ਰੂਮ ਹੈ। ਪੀਣ ਵਾਲੇ R.O. ਦੇ ਸੱਵਛ ਪਾਣੀ ਅਤੇ ਬਿਜਲੀ ਜਨਰੇਟਰ ਦਾ ਉਚਿੱਤ ਪ੍ਰਬੰਧ ਹੈ। ਵਿਦਿਆਰਥਣਾਂ ਦੀ ਸਹੂਲਤ ਲਈ ਕਾਲਜ ਦੇ ਅੰਦਰ ਕੰਨਟੀਨ ਦਾ ਪ੍ਰਬੰਧ ਵੀ ਹੈ। ਲੜਕੀਆਂ ਨੂੰ ਘਰੋਂ ਕਾਲਜ ਤੱਕ ਲਿਆਉਣ ਲਈ ਬੱਸਾਂ ਦੀ ਸੁਵਿਧਾ ਹੈ।

ਲੜਕੀਆਂ ਨੂੰ ਘਰੇਲੂ ਜ਼ਿੰਦਗੀ ਵਿੱਚ ਨਿਪੁੰਨ ਕਰਨ ਹਿੱਤ ਬੀ.ਏ. ਵਿੱਚ ਹੋਮ ਸਾਇੰਸ ਅਤੇ ਫੈਸ਼ਨ ਡਿਜ਼ਾਇਨਿੰਗ ਅਤੇ ਐਮ.ਐਸ.ਸੀ. ਫੈਸ਼ਨ ਡਿਜ਼ਾਇਨਿੰਗ ਅਤੇ ਟੇਲਰਿੰਗ ਵਰਗੇ ਪ੍ਰਯੋਗਿਕ ਵਿਸ਼ੇ ਉਚੇਰੇ ਤੌਰ ਤੇ ਪੜ੍ਹਾਏ ਜਾਂਦੇ ਹਨ।



ਜੋਨਲ ਯੂਥ ਫੈਸਟੀਵਲ (ਭਾਈ ਗੁਰਦਾਸ ਕਾਲਜ ਸੰਗਰੂਰ)



ਕਾਲਜ ਦੀਆਂ ਵਿਦਿਆਰਥਣਾਂ ਗਿੱਧਾ ਪਾਉਂਦੀਆਂ ਹੋਈਆ



ਕਾਲਜ ਦੀਆਂ ਵਿਦਿਆਰਥਣਾਂ ਨੇ ਲੋਕ ਨਾਚ ਲੁੱਡੀ ਪਾਉਂਦੀਆਂ ਹੋਈਆਂ ਜ਼ੋਨਲ ਯੂਥ ਫੈਸਟੀਵਲ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।




ਪਹਿਰਾਵਾ ਪ੍ਰਦਰਸ਼ਨੀ ਵਿੱਚ ਕਾਲਜ ਦੀ ਵਿਦਿਆਰਥਣ ਪਰਮਜੀਤ ਕੌਰ ਨੇ ਅੰਤਰ ਖੇਤਰੀ ਯੁਵਕ ਵਿੱਚ ਤੀਜਾ ਸਥਾਨ ਹਾਸਿਲ ਕੀਤਾ



# ਸੁਨੇਹਾ

ਵਿੱਦਿਆ ਹਰ ਇੱਕ ਮਨੁੱਖ ਦੇ ਜੀਵਨ ਦਾ ਅਹਿਮ ਅੰਗ ਹੈ। ਸਿੱਖਿਅਤ ਅਤੇ ਸੂਝਵਾਨ ਮਨੁੱਖ ਹੀ ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਇਸ ਪ੍ਰਸੰਗ ਵਿੱਚ ਨਾਰੀ ਸਿੱਖਿਆ ਹੋਰ ਵੀ ਵਧੇਰੇ ਮਹੱਤਵਪੂਰਨ ਬਣ ਜਾਂਦੀ ਹੈ ਕਿਉਂਕਿ ਇਕ ਪੜ੍ਹੀ ਲਿਖੀ ਲੜਕੀ ਪੂਰੇ ਘਰ ਪਰਿਵਾਰ, ਸਮਾਜ ਅਤੇ ਦੇਸ਼ ਨੂੰ ਖੁਸ਼ਹਾਲ ਬਣਾ ਸਕਦੀ ਹੈ ਅਤੇ ਇਕ ਨਵੀਂ ਨੁਹਾਰ ਪ੍ਰਦਾਨ ਕਰਨ ਵਿੱਚ ਸਹਾਇਕ ਹੁੰਦੀ ਹੈ। ਅੱਜ ਇਹ ਵਿਚਾਰ ਸਰਵ-ਪ੍ਰਵਾਨਿਤ ਹੈ ਕਿ ਅੱਜ ਦੀ ਔਰਤ ਦੇਸ਼ ਦੇ ਸਰਵ ਉੱਚ ਅਹੁਦਿਆਂ ਦੀਆਂ ਜਿੰਮੇਵਾਰੀਆਂ ਨੂੰ ਬੜੀ ਸਫਲਤਾ ਨਾਲ ਨਿਭਾ ਰਹੀ ਹੈ।

ਲੜਕੀਆਂ ਨੂੰ ਉੱਚ ਸਿੱਖਿਆ ਦੇ ਕੇ ਚੰਗੀ ਜੀਵਨ ਜਾਚ ਸਿਖਾਉਣ ਅਤੇ ਆਤਮ ਨਿਰਭਰ ਬਣਾਉਣ ਦੇ ਉਦੇਸ਼ ਨਾਲ ਹੋਂਦ ਵਿੱਚ ਆਇਆ ਇਹ ਕਾਲਜ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ।

ਬੱਚੀਓ, ਮੈਨੂੰ ਪੂਰਨ ਆਸ ਹੈ ਕਿ ਜਿਸ ਉਦੇਸ਼ ਦੀ ਪ੍ਰਾਪਤੀ ਲਈ ਤੁਸੀਂ ਇਸ ਕਾਲਜ ਵਿੱਚ ਦਾਖਲ ਹੋਣ ਦਾ ਫੈਸਲਾ ਲਿਆ ਹੈ, ਕਾਲਜ ਦਾ ਉੱਚ ਯੋਗਤਾ ਪ੍ਰਾਪਤ, ਮਿਹਨਤੀ ਅਤੇ ਸਮਰਪਿਤ ਸਟਾਫ ਅਤੇ ਮੈਨੇਜਮੈਂਟ ਮੈਂਬਰ ਤੁਹਾਨੂੰ ਤੁਹਾਡੀ ਮੰਜ਼ਿਲ ਤੇ ਪਹੁੰਚਾਉਣ ਲਈ ਸੁਯੋਗ ਅਗਵਾਈ ਕਰਨਗੇ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਇੱਥੋਂ ਸਿੱਖਿਆ ਪ੍ਰਾਪਤ ਕਰਕੇ ਤੁਹਾਡੀ ਸ਼ਖ਼ਸੀਅਤ ਵਿੱਚ ਸਰਵਪੱਖੀ ਨਿਖਾਰ ਆਵੇਗਾ

ਸ਼ੁਭ ਇਛਾਵਾਂ ਅਤੇ ਆਸ਼ੀਰਵਾਦ ਨਾਲ ਤੁਹਾਡੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹਾਂ।

ਡਾ. ਹਰਜੋਤ ਕੌਰ
ਪ੍ਰਿੰਸੀਪਲ
ਵਿਸ਼ਵਕਰਮਾਂ ਕਾਲਜ ਫਾਰ ਗਰਲਜ਼, ਦਿੜ੍ਹਬਾ ਮੰਡੀ



# ਸੰਦੇਸ਼

# ਸ. ਕਾਮਰੇਡ ਭੀਮ ਸਿੰਘ ਜੀ

ਕਾਮਰੇਡ ਭੀਮ ਜੀ ਹੋਣਾ ਕੋਈ ਸੋਖੀ ਗੱਲ ਨਹੀਂ ਇਹ ਸਿੱਖੀ-ਸਿਖਾਈ, ਲਿਪੀ ਪੋਚੀ ਜਾਂ ਰੀਸ-ਰੀਸ ਵਿੱਚ ਖੁਦ ਨੂੰ ਪੱਕਾ ਲਾ ਕੇ ਮਹਾਨ ਕਰਾਉਣ ਵਾਲੀ ਸਖ਼ਸ਼ੀਅਤ ਨਹੀਂ ਸੀ, ਉਹ ਤਾਂ ਜ਼ਿੰਦਗੀ ਦੇ ਸੱਚੇ ਤੇ ਨਿਰੋਲ ਤਜ਼ਰਬਿਆਂ ਵਿਚੋਂ ਨਿਕਲੀ ਤਲਵਾਰ ਦੀ ਨੋਕ ਜਿਹੀ ਇੱਕ ਸੋਚ ਸੀ ਤੇ ਇਸ ਸੋਚ ਦਾ ਹਰਅ ਕਦਮ ਤੇ ਸਥਿਰ ਹੋਣਾ ਹੀ ਉਸਦੀ ਸਖ਼ਸ਼ੀਅਤ ਦੇ ਸੱਚ ਦੀ ਹਾਮੀ ਭਰਦਾ ਸੀ । ਉਹਨਾ ਦੇ ਵਿਚਾਰਾਂ ਦਾ ਸਾਗਰ ਤਾਂ ਆਪ ਮੁਹਾਰੇ ਧਰਤੀ ਦੀ ਹਿੱਕ ਵਿੱਚੋਂ ਫੁੱਟਿਆ ਇੱਕ ਦਸ਼ਮਾ ਸੀ, ਜੋ ਹਰ ਦਿਨ ਨਵਾਂ ਤਰੋਤਾਜਾ ਤੇ ਸਥਿਰਤਾ ਦੇ ਵੇਗ ਵਹਿੰਦਾ ਜਾ ਰਿਹਾ ਸੀ, ਵਹਿੰਦਾ ਹੀ ਜਾ ਰਿਹਾ ਸੀ, ਵਹਿੰਦਾ ਜਾ ਰਿਹਾ ਹੈ ਤੇ ਹਮੇਸ਼ਾ ਵਹਿੰਦਾ ਰਹੇਗਾ। ਕਿਉਂਕਿ ਸਰੀਰਾਂ ਦੇ ਮੁੱਕਣ ਨਾਲ ਵਿਚਾਰ ਨਹੀਂ ਮੁੱਕਦੇ ਸ਼ਬਦ ਨਹੀਂ ਮੁੱਕਦੇ । ਗਰਮੀ ਦੀ ਤਪਸ਼ ਨਾਲ ਮੁੱਕ ਸੁੱਕ ਜਾਂਦੇ ਬੂੰਦਾਂ ਦੇ ਤਿਨਕੇ ਪਰ ਭੀਮ ਸਿੰਘ ਜਿਹੇ ਸਮੁੰਦਰ ਨਹੀਂ ਮੁਕਦੇ ਤੇ ਉਹਨਾਂ ਦੇ ਵਿਚਾਰਾਂ ਦੇ ਸਾਗਰ ਕਦੇ ਨਹੀਂ ਮੁਕਦੇ।

ਵਿਸ਼ਵਕਰਮਾ ਕਾਲਜ ਫ਼ਾਰ ਗਰਲਜ਼ ਢਿੜ੍ਹਬਾ ਮੰਡੀ ਦੇ ਮੁੱਖ ਸਲਾਹਕਾਰ ਦ ਤੌਰ 'ਤੇ ਕਾਮਰੇਡ ਭੀਮ ਸਿੰਘ ਜੀ ਦੀ 5 ਮਈ 2008 ਤੋਂ ਅਪ੍ਰੈਲ 2019 ਤੱਕ ਭਾਵ ਕਿ ਕਾਲਜ ਸ਼ੁਰੂ ਹੋਣ ਤੋਂ ਲੈ ਕੇ ਆਪਣੇ ਸਾਹ ਤੱਕ ਰਹੇ। ਉਹਨਾਂ ਦੇ ਅਧੀਨ ਕਾਲਜ ਨੇ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ । ਮੁੱਖ ਸਲਾਹਕਾਰ ਹੋਣ ਦੇ ਨਾਲ-ਨਾਲ ਉਹਨਾਂ ਦਾ ਬੱਚਿਆਂ ਤੇ ਸਟਾਫ ਨਾਲ ਪਰਿਵਾਰਕ ਰਿਸ਼ਤਾ ਸੀ । ਉਹਨਾਂ ਦਾ ਹਲਕੇ ਦੇ ਲੋਕਾਂ ਨਾਲ ਨੇੜੇ ਦਾ ਰਿਸ਼ਤਾ ਹੋਣ ਕਰਕੇ ਕਾਲਜ ਦੀ ਹਰ ਵਿਦਿਆਰਥਣ ਤੇ ਸਟਾਫ ਉਨ੍ਹਾਂ ਦਾ ਬਹੁਤ ਹੀ ਸਤਿਕਾਰ ਕਰਦੇ ਸਨ। ਬੇਸ਼ੱਕ ਉਹ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਦੇ ਮੁੱਖ ਪ੍ਰਬੰਧਕ ਵੀ ਰਹੇ ਪਰ ਉਹਨਾਂ ਨੇ ਕਾਲਜ ਲਈ ਹਮੇਸ਼ਾ ਪਹਿਲ ਕਦਮੀ ਕਰਦੇ ਹੋਏ ਹਰ ਸਮਰਥਾ ਦੀ ਅਗਵਾਈ ਕੀਤੀ, ਫਿਰ ਉਹ ਚਾਹੇ ਵਿਦਿਆਰਥੀਆਂ ਦੇ ਇਤਿਹਾਸਕ ਟੂਰ ਹੋਣਾ, ਸਮਾਜਿਕ ਸਮੱਸਿਆਵਾਂ ਤੇ ਕੋਈ ਰੈਲੀ ਕੱਢਣੀ ਹੋਵੇ, N.S.S. ਕੈਂਪ ਹੋਵੇ ਵਿਦਿਆਰਥਣਾ ਦੇ ਹੱਥਾਂ ਵਿੱਚੋਂ ਦੀ ਗੁਜਰਦਾ ਹਿਰਾ, ਉਹਨਾਂ ਦੀ ਕਾਲਜ ਦੇ ਪ੍ਰਤੀ ਮਹਾਨ ਦੇਣ ਨੂੰ ਵਿਸ਼ਵ ਕਰਮਾਂ ਕਾਲਜ ਫ਼ਾਰ ਗਰਲਜ਼ ਕਦੇ ਵੀ ਨਹੀਂ ਭੁੱਲ ਸਕਦਾ । ਉਹਨਾਂ ਦੇ ਅਸੀਂ ਹਮੇਸ਼ਾ ਰਿਣੀ ਰਹਾਂਗੇ। ਕਾਲਜ ਨੂੰ ਵੀ ਉਹਨਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਕਿਉਂਕਿ ਇਹ ਘਾਟਾ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ ।

"ਹੋਣੀ ਸੀ ਫੁੱਲ ਦੀ, ਕਿ ਇੱਕ ਹੀ ਗੱਲੋਂ ਸਾਰਾ ਜੰਗਲ ਚਿੜਿਆ ਰਿਰਾ
ਔੜਾਂ ਦੀ ਰੁੱਤੇ ਤਾਂ ਉੱਗਣਾ ਵੀ ਔਖਾ ਏ, ਔੜਾਂ ਦੀ ਰੁੱਤੇ ਉਹ ਖਿੜਿਆ ਰਿਹਾ"

# ਤਤਕਰਾ/INDEX


| ਲੜੀ ਨੰ: | ਵਿਸ਼ਾ | ਪੰਨਾਂ ਨੰ: |
|---|---|---|
| 1 | ਕਾਲਜ ਸਟਾਫ | 2 |
| 2 | ਅਧਿਐਨ ਅਤੇ ਕੋਰਸ | 3 |
| 3 | ਦਾਖਲੇ ਸੰਬੰਧੀ ਜਾਣਕਾਰੀ | 3 |
| 4 | ਪਾਤਰਤਾ ਅਤੇ ਮਾਈਗ੍ਰੇਸ਼ਨ ਸਰਟੀਫਿਕੇਟ | 4 |
| 5 | ਪੰਜਾਬੀ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਹਦਾਇਤਾਂ | 4 |
| 6 | ਲੇਟ ਦਾਖਲਾ ਅਤੇ ਗੈਪ ਕੇਸ ਸੰਬੰਧੀ ਜਾਣਕਾਰੀ | 5 |
| 7 | ਵਿਸ਼ਾ ਬਦਲਣ ਸੰਬੰਧੀ ਜਰੂਰੀ ਸੂਚਨਾ ਅਤੇ ਜਰੂਰੀ ਨੋਟ | 5 |
| 8 | ਫੀਸਾਂ ਸੰਬੰਧੀ ਅਤੇ ਫੰਡਾਂ ਸੰਬੰਧੀ | 6 |
| 9 | ਟਰਾਂਸਪੋਰਟ | 6 |
| 10 | ਫੀਸ ਅਦਾਇਗੀ ਦੇ ਨਿਯਮ | 6 |
| 11 | ਫੀਸ ਮੁਆਫੀ ਅਤੇ ਛੁੱਟੀ ਬਾਰੇ ਸੂਚਨਾ | 7 |
| 12 | ਸ਼ਨਾਖਤੀ / ਲਾਇਬ੍ਰੇਰੀ ਕਾਰਡ | 7 |
| 13 | ਲੇਖਾ ਚੁਕਾਈ ਸਰਟੀਫਿਕੇਟ | 7 |
| 14 | ਅੰਦਰੂਨੀ ਮੁਲਾਂਕਣ ਪ੍ਰੀਖਿਆ ਅਤੇ ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਲਈ ਪਾਤਰਤਾ | 7 |
| 15 | ਵਿਦਿਆਰਥਣਾਂ ਲਈ ਵਜ਼ੀਫੇ | 8 |
| 16 | ਸਹਿ ਵਿਦਿਅਕ ਸਰਗਰਮੀਆਂ | 8 |
| 17 | ਐਨ.ਐਸ.ਐਸ ਅਤੇ ਖੇਡਾਂ | 9 |
| 18 | ਕਾਲਜ ਕਮੇਟੀਆਂ | 9 |
| 19 | ਕਾਲਜ ਕੈਂਪਸ ਵਿੱਚ ਧਿਆਨ ਦੇਣ ਯੋਗ ਜ਼ਰੂਰੀ ਹਦਾਇਤਾਂ | 9 |
| 20 | ਸਮੈਸਟਰ ਸਿਸਟਮ ਦੀ ਪੜ੍ਹਾਈ | 10 |
| 21 | ਪੰਜਾਬੀ ਯੂਨੀਵਰਸਿਟੀ ਦੁਆਰਾ ਨਿਸ਼ਚਿਤ ਛੁੱਟੀਆਂ ਦਾ ਵੇਰਵਾ | 10 |
| 22 | ਕਾਲਜ ਸੰਪਰਕ ਟੈਲੀਫੋਨ ਨੰਬਰ | 10 |

# ਕਾਲਜ ਦਾ ਸਟਾਫ/COLLEGE STAFF

**ਡਾਇਰੈਕਟਰ** :- ਹਰਪ੍ਰੀਤ ਕੌਰ ਧੀਮਾਨ
ਐਮ.ਏ.(ਪੋਲ ਸਾਇੰਸ; ਹਿਸਟਰੀ) ਬੀ.ਐਡ.

**ਪ੍ਰਿੰਸੀਪਲ** :- ਡਾ. ਹਰਜੋਤ ਕੌਰ (ਰਿਟਾ: ਪ੍ਰੋ: ਪੰਜਾਬੀ ਯੂਨੀਵਰਸਿਟੀ ਪਟਿਆਲਾ)
ਐਮ.ਏ., ਬੀ.ਐਡ., ਐਮ.ਫਿਲ, ਪੀ.ਐਚ.ਡੀ.

**ਵਾਇਸ ਪ੍ਰਿੰਸੀਪਲ** :- ਸ੍ਰੀ ਮਤੀ ਜਸਵੀਰ ਕੌਰ
ਐਮ.ਏ. (ਪੰਜਾਬੀ, ਹਿਸਟਰੀ) ਐੱਮ ਫਿਲ (ਹਿਸਟਰੀ), ਡੀ.ਪੀ.ਐਡ.,
ਐਮ.ਏ. (ਇੰਗਲੀਸ਼)

## ਪ੍ਰਾਧਿਆਪਕ ਮੰਡਲ / TEACHING STAFF)

**ਪੰਜਾਬੀ ਵਿਭਾਗ :**
1. ਸ੍ਰੀਮਤੀ ਜਸਵੀਰ ਕੌਰ
ਐਮ.ਏ. (ਪੰਜਾਬੀ,ਹਿਸਟਰੀ),
ਐਮ.ਫ਼ਿਲ (ਹਿਸਟਰੀ)
2. ਸ੍ਰੀਮਤੀ ਪਰਵਿੰਦਰ ਕੌਰ
ਐਮ.ਏ. (ਪੰਜਾਬੀ, ਹਿਸਟਰੀ) ਬੀ.ਐਡ., ਆਰਟ ਐਂਡ ਕਰਾਫਟ
3. ਮਿਸ ਗਗਨਦੀਪ ਕੌਰ
ਐਮ.ਏ. (ਪੰਜਾਬੀ, ਲਿੰਗੁਇਸਟਿਕ) ਐਮ.ਫਿਲ, ਨੈਟ
3. ਸ੍ਰੀ. ਪਵਨ ਕੁਮਾਰ
ਐਮ.ਏ. ਪੰਜਾਬੀ, ਪੀ.ਐਚ.ਡੀ., ਨੈਟ
4. ਸ੍ਰੀਮਤੀ ਕਮਲਜੀਤ ਕੌਰ
ਐਮ.ਏ., ਐਮ. ਫਿਲ ਨੈਟ

**ਅੰਗਰੇਜ਼ੀ ਵਿਭਾਗ :**
1. ਸ੍ਰੀਮਤੀ ਮਧੂ ਬਾਲਾ
ਐਮ.ਏ. (ਅੰਗਰੇਜ਼ੀ) ਬੀ.ਐਡ., ਐਮ.ਏ. edu., ਐਮ.ਫ਼ਿਲ, ਬੀ.ਲਿਬ।
2. ਸ੍ਰੀਤਮੀ ਰਮਨਦੀਪ ਕੌਰ
ਐਮ.ਏ. (ਅੰਗਰੇਜ਼ੀ, ਪੋਲ ਸਾਇੰਸ), ਬੀ.ਐਡ.।
3. ਜਸਵੀਰ ਕੌਰ
ਐਮ.ਏ. (ਅੰਗਰੇਜ਼ੀ, ਇਤਿਹਾਸ, ਪਬਲਿਕ ਐਡ.),
ਐਮ.ਐਡ., ਆਰਟ ਐਂਡ ਕਰਾਫਟ
4. ਸ੍ਰੀਤਮੀ ਰਮਨਦੀਪ ਕੌਰ
ਐਮ.ਏ. ਇੰਗਲੀਸ਼, ਪੋਲ ਸਾਇੰਸ, ਬੀ.ਐਡ.
5. ਮਿਸ ਗਗਨਦੀਪ ਕੌਰ
ਐਮ.ਏ. (ਅੰਗਰੇਜ਼ੀ) ਐਮ.ਫਿਲ, ਨੈਟ

**ਹਿਸਟਰੀ ਵਿਭਾਗ :**
1. ਸ੍ਰੀਮਤੀ ਮਧੂ ਬਾਲਾ
ਐਮ.ਏ. (ਅੰਗਰੇਜ਼ੀ, ਐਜੁਕੇਸ਼ਨ), ਬੀ.ਐਡ,
ਐਮਫਿਲ (ਅੰਗਰੇਜ਼ੀ), ਬੀ.ਲਿਬ
2. ਸ੍ਰੀਮਤੀ ਰਮਨਦੀਪ ਕੌਰ
ਐਮ.ਏ. (ਅੰਗਰੇਜ਼ੀ, ਪੋਲ ਸਾਇੰਸ), ਬੀ.ਐਡ.
3. ਸ੍ਰੀਮਤੀ ਗਗਨ ਦੀਪ ਕੌਰ
ਐਮ.ਏ. (ਅੰਗਰੇਜ਼ੀ), ਐਮ.ਫ਼ਿਲ, ਨੈੱਟ

**ਹਿੰਦੀ ਵਿਭਾਗ :**
1. ਸ੍ਰੀਮਤੀ ਰੋਜ਼ੀ ਕੌਰ ਵਾਲੀਆ
ਐਮ.ਏ. (ਹਿੰਦੀ), ਬੀ.ਐਡ.

**ਹਿਸਟਰੀ ਵਿਭਾਗ :**
1. ਸ੍ਰੀਮਤੀ ਕੁਲਵੰਤ ਕੌਰ
ਐਮ.ਏ. (ਹਿਸਟਰੀ, ਧਰਮ) ਬੀ.ਐਡ., ਐਮ.ਫ਼ਿਲ
2. ਸ੍ਰੀਮਤੀ ਕਮਲਜੀਤ ਕੌਰ
ਐਮ.ਏ. (ਹਿਸਟਰੀ, ਪੰਜਾਬੀ), ਬੀ.ਐਡ.
3. ਮਿਸ ਕੁਲਵਿੰਦਰ ਕੌਰ
ਐਮ.ਏ. (ਪੋਲਸਾਇੰਸ), ਐਮ.ਫ਼ਿਲ, ਬੀ.ਐਡ.

**ਗਣਿਤ ਵਿਭਾਗ :**
1. ਮਿਸ ਅਮਨਪ੍ਰੀਤ ਕੌਰ
ਐਮ.ਐਸ.ਸੀ. (ਅਪਲਾਇਡ ਮੈਥਮੈਟਿਕਸ ਐਂਡ ਕੰਪਿਊਟਿੰਗ)

**ਰਾਜਨੀਤੀ ਸ਼ਾਸਤਰ ਵਿਭਾਗ :**
1. ਮਿਸ ਕੁਲਵਿੰਦਰ ਕੌਰ
ਐਮ.ਏ. (ਪੋਲ. ਸਾਇੰਸ), ਐਮ.ਫਿਲ, ਬੀ.ਐਡ.

**ਅਰਥ ਸ਼ਾਸਤਰ ਵਿਭਾਗ :**
1. ਮਿਸ ਪ੍ਰਿਯੰਕਾ ਗੋਇਲ
ਐਮ.ਏ. (ਇਕਨਾਮਿਕਸ), ਬੀ.ਐਡ.

**ਕਾਮਰਸ ਵਿਭਾਗ :**
1. ਮਿਸ ਰੇਖਾ ਰਾਣੀ
ਐਮ.ਕੌਮ

**ਕੰਪਿਊਟਰ ਵਿਭਾਗ :**
1. ਮਿਸਿਜ਼ ਚਰਨਪ੍ਰੀਤ ਕੌਰ
ਐਮ.ਸੀ.ਏ.
2. ਸ੍ਰੀਮਤੀ ਅਮਨਦੀਪ ਕੌਰ
ਐਮ.ਸੀ.ਏ., ਬੀ.ਐਸ.ਸੀ.

**ਫਿਜ਼ੀਕਲ ਐਜੂਕੇਸ਼ਨ ਵਿਭਾਗ :**
1. ਮਿਸਿਜ਼ ਜਸਵੀਰ ਕੌਰ
ਡੀ.ਪੀ.ਐਡ., ਐਮ.ਏ.,(ਫਿਜ਼ੀਕਲ)
2. ਮਿਸ. ਕਰਮਜੀਤ ਕੌਰ
ਬੀ.ਪੀ.ਐਡ

**ਸਾਇੰਸ ਵਿਭਾਗ :**
1. ਮਿਸਟਰ ਅਭਿਨੰਦਨ ਕੁਮਾਰ
ਬੀ.ਐਸ.ਸੀ. ਕੰਪਿਊਟਰ, ਬੀ.ਐਡ.
2. ਸਿਸ. ਵੀਨਾ ਗਰਗ
ਐਮ.ਐਸ.ਸੀ. (ਕੈਮਿਸਟਰੀ), ਬੀ.ਐਡ.

**ਫੈਸ਼ਨ ਡਿਜ਼ਾਈਨਿੰਗ ਵਿਭਾਗ :**
1. ਮਿਸ. ਪਰਮਿੰਦਰ ਕੌਰ
ਐਮ.ਐਸ.ਸੀ.
ਐਮ.ਸੀ.ਏ., ਐਮ.ਐਸ.ਸੀ.ਫੈਸ਼ਨ ਡਿਜ਼ਾਈਨਿੰਗ)
2. ਮਿਸ. ਚੰਨਪ੍ਰੀਤ ਕੌਰ
ਐਮ.ਐਸ.ਸੀ.(ਫ਼ੈਸ਼ਨ ਡਿਜ਼ਾਈਨਿੰਗ ਅਤੇ ਟੈਕਨੋਲੋਜੀ)

**ਦਫ਼ਤਰੀ ਅਮਲਾ :**
1. ਮਿਸਟਰ ਜਤਿੰਦਰ ਕੁਮਾਰ
ਐਮ.ਏ. (ਪੋਲ. ਸਾਇੰਸ), ਬੀ.ਲਿਬ.
2. ਮਿਸਟਰ ਗੁਰਧਿਆਨ ਸਿੰਘ
ਡਿਪਲੋਮਾ ਏ.ਡੀ.ਸੀ.ਏ. ਗਰੈਜੁਏਸ਼ਨ ਇਨ ਕੰਪਿਊਟਰਜ਼
3. ਸ੍ਰ. ਅਮਰੀਕ ਸਿੰਘ

**ਦਰਜਾ ਚਾਰ ਕਰਮਚਾਰੀ :**
1. ਸ੍ਰੀਮਤੀ ਜਸਵਿੰਦਰ ਕੌਰ
2. ਸ੍ਰੀਮਤੀ ਸੁਖਵਿੰਦਰ ਕੌਰ
3. ਸ੍ਰੀਮਤੀ ਪਾਲ ਕੌਰ
4. ਸ੍ਰੀਮਤੀ ਪਰਮਜੀਤ ਕੌਰ
5. ਸ੍ਰੀਮਤੀ ਜ਼ਮੀਲਾ ਖਾਨ
6. ਸ੍ਰੀ ਸੰਤ ਸਿੰਘ
7. ਸ੍ਰੀ ਕਰਨੈਲ ਸਿੰਘ
8. ਸ੍ਰੀ ਅਵਤਾਰ ਸਿੰਘ
9. ਬੱਸ ਡਰਾਈਵਰਜ਼

## ਅਧਿਐਨ ਲਈ ਉਪਲਬੱਧ ਕੋਰਸ / COURSES OFFERED)

| | |
|---|---|
| 1. ਬੀ.ਏ. / B.A. | ਤਿੰਨ ਸਾਲਾ ਕੋਰਸ |
| 2. ਬੀ.ਸੀ.ਏ. / B.C.A. | ਤਿੰਨ ਸਾਲਾ ਕੋਰਸ |
| 3. ਬੀ.ਕਾਮ / B.Com | ਤਿੰਨ ਸਾਲਾ ਕੋਰਸ |
| 4. ਐਮ.ਐਸ.ਸੀ.ਫੈਸ਼ਨ ਡਿਜ਼ਾਈਨਿੰਗ / M.Sc., Fashion Designing | ਦੋ ਸਾਲਾ ਕੋਰਸ |

**ਬੀ.ਏ. ਭਾਗ I+II+II ਦੇ ਵਿਦਿਆਰਥੀਆਂ ਲਈ ਹੇਠ ਲਿਖੇ ਵਿਸ਼ਾ-ਗਰੁੱਪ ਹਨ।**

| ਗਰੁੱਪ-I | ਗਰੁੱਪ-II | ਗਰੁੱਪ-III |
|---|---|---|
| ਲਾਜ਼ਮੀ ਵਿਸ਼ੇ | ਚੋਣਵੇਂ / ਇਲੈਕਟਿਵ ਵਿਸ਼ੇ | ਪ੍ਰੈਕਟੀਕਲ ਵਿਸ਼ੇ |
| ਪੰਜਾਬੀ ਲਾਜ਼ਮੀ<br>ਅੰਗ੍ਰੇਜ਼ੀ ਲਾਜ਼ਮੀ | ਪੰਜਾਬੀ ਇਲੈਕਟਿਵ<br>ਹਿੰਦੀ ਇਲੈਕਟਿਵ<br>ਅੰਗ੍ਰੇਜ਼ੀ ਇਲੈਕਟਿਵ<br>ਪੋਲੀਟੀਕਲ ਸਾਇੰਸ<br>ਅਰਥ-ਸ਼ਾਸਤਰ<br>ਹਿਸਟਰੀ / ਮੈਥ | 1. ਸਰੀਰਕ ਸਿੱਖਿਆ / ਹੋਮ ਸਾਇੰਸ<br>2. ਫੈਸ਼ਨ ਡਿਜ਼ਾਈਨਿੰਗ |

**ਨੋਟ :**

1. ਪਹਿਲੇ ਗਰੁੱਪ ਵਿੱਚੋਂ ਦੋਨੋ ਵਿਸ਼ੇ ਲੈਣੇ ਲਾਜ਼ਮੀ ਹਨ ।
2. ਦੂਸਰੇ ਅਤੇ ਤੀਸਰੇ ਗਰੁੱਪ ਇੱਕ-ਇੱਕ ਵਿਸ਼ਾ ਲੈਣਾ ਜਰੂਰੀ ਹੈ ਅਤੇ ਇਨ੍ਹਾਂ ਦੋਹਾਂ ਗਰੁੱਪ ਵਿੱਚੋਂ ਕਿਸੇ ਇੱਕ ਗਰੁੱਪ ਵਿੱਚੋਂ ਦੋ ਵਿਸ਼ੇ ਲਏ ਜਾਣਗੇ।
3. ਪ੍ਰੈਕਟੀਕਲ ਵਿਸ਼ੇ ਦੋ ਤੋਂ ਵੱਧ ਨਹੀਂ ਲਏ ਜਾ ਸਕਦੇ ।
4. ਧਰਮ ਤੇ ਫੈਸ਼ਨ ਡਿਜ਼ਾਈਨਿੰਗ ਵਿਸ਼ੇ ਇੱਕਠੇ ਨਹੀਂ ਲਏ ਜਾ ਸਕਦੇ।

## ਦਾਖ਼ਲੇ ਸੰਬੰਧੀ ਜਾਣਕਾਰੀ / (ADMISSION RULES)

- **ਦਾਖ਼ਲਾ ਫਾਰਮ ਪ੍ਰਾਸਪੈਕਟਸ ਦੇ ਅੰਤ ਵਿੱਚ ਨੱਥੀ ਹੈ**
  **(Admission Form is attached at the end of Prospectus)**

1. ਗ੍ਰੈਜੂਏਟ ਪੱਧਰ ਤੱਕ ਦੀ ਕਲਾਸ ਵਿੱਚ ਉਹ ਵਿਦਿਆਰਥੀ ਹੀ ਦਾਖ਼ਲਾ ਲੈ ਸਕਦੇ ਹਨ ਜਿਨ੍ਹਾਂ ਨੇ 10+2 ਪ੍ਰਵਾਨਿਤ ਸੰਸਥਾ ਤੋਂ ਪਾਸ ਕੀਤੀ ਹੋਵੇ।
2. 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਕੇਵਲ ਰੀ-ਅਪੀਅਰ clear ਹੋਣ ਤੋਂ ਬਾਅਦ ਵੀ ਬਣਦੀ ਲੇਟ ਫੀਸ ਨਾਲ ਦਿੱਤਾ ਜਾਵੇਗਾ। 31 ਅਗਸਤ ਤੋਂ ਬਾਅਦ Re-Apear clear ਹੋਣ ਤੋਂ ਬਾਅਦ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
3. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਨੰ: 15883-15952/ਓ.ਐਸ.ਡੀ. ਮਿਤੀ 31.5.1999 ਅਤੇ 6079-6144/ਓ.ਐਸ.ਡੀ. (ਕਾਲਜ) ਅਤੇ 10.05.2000 ਅਨੁਸਾਰ ਜੇਕਰ ਕਿਸੇ ਵਿਦਿਆਰਥੀ ਦੀ ਬੀ.ਏ./ਬੀ.ਐਸ.ਸੀ. ਬੀ.ਕਾਮ ਭਾਗ ਪਹਿਲਾ ਵਿੱਚ ਰੀ-ਅਪੀਅਰ ਹੈ ਤਾਂ ਉਹ ਕੇਵਲ ਬੀ.ਏ./ਬੀ.ਐਸ.ਸੀ./ਬੀ.ਕਾਮ ਭਾਗ ਦੂਜਾ ਵਿੱਚ ਦਾਖ਼ਲਾ ਲੈ ਸਕਦਾ ਹੈ ਅਤੇ ਜਦੋਂ ਤੱਕ ਵਿਦਿਆਰਥੀਆਂ ਦੀ ਭਾਗ ਪਹਿਲਾ ਦੀ ਰੀ-ਅਪੀਅਰ ਕਲੀਅਰ ਨਹੀਂ ਹੋ ਜਾਂਦੀ ਉਹ ਭਾਗ ਤੀਜਾ ਵਿੱਚ ਦਾਖਲੇ ਦੇ ਯੋਗ ਨਹੀਂ ਹੋਵੇਗਾ।
4. ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ, ਬੋਰਡ ਅਤੇ ਐਜੂਕੇਸ਼ਨ ਸਕੂਲ ਹਰਿਆਣਾ, ਹਿਮਾਚਲ ਪ੍ਰਦੇਸ਼ ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਈ ਬੋਰਡਾਂ ਤੋਂ 10+2 ਪਾਸ ਕਰਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਦੂਜੇ ਰਾਜਾਂ ਤੋਂ ਇਹ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਬਰਾਂਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ, ਇਸ ਤੋਂ ਬਿਨਾਂ ਦਾਖਲਾ ਨਹੀਂ ਹੋਵੇਗਾ ਜਾਂ ਰੱਦ ਕਰ ਦਿੱਤਾ ਜਾਵੇਗਾ।

5. ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੇ ਇੱਕ ਮਹੀਨੇ ਦੇ ਅੰਦਰ ਆਪਣਾ ਅਸਲ ਨੰਬਰ ਕਾਰਡ ਅਤੇ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ (Original DMC and Migration Certificate) ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਂਣੇ ਹੋਣਗੇ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਯੂਨੀਵਰਸਿਟੀ ਦੁਆਰਾ ਲੇਟ ਫ਼ੀਸ ਲਈ ਜਾਂਦੀ ਹੈ ਤਾਂ ਇਸ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।
6. ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ ਹੋਏ, ਪ੍ਰੀਖਿਆ ਤੋਂ ਰੋਕੇ ਹੋਏ, ਯੂਨੀਵਰਸਿਟੀ ਪ੍ਰੀਖਿਆ ਵਿੱਚ ਗੈਰ-ਹਾਜ਼ਰ ਜਾਂ ਪ੍ਰੀਖਿਆ ਵਿੱਚ ਵਿਸ਼ੇਸ਼ ਹਾਲਤਾਂ ਵਿੱਚ/ਵਿਸ਼ੇਸ਼ ਕੇਸਾਂ ਵਿੱਚ ਪੇਪਰ ਛੱਡ ਜਾਣ ਵਾਲੇ ਜਾਂ ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਉਸੇ ਕਲਾਸ ਵਿੱਚ ਮੁੜ ਦਾਖ਼ਲਾ ਪ੍ਰਿੰਸੀਪਲ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਦਿੱਤਾ ਜਾਵੇਗਾ। ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਬੈਠਣ ਤੋਂ ਵਰਜਿਤ ਵਿਦਿਆਰਥੀਆਂ ਦਾ ਦਾਖਲਾ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਵੇਗਾ।
7. ਕਿਸੇ ਸ਼੍ਰੇਣੀ ਦਾ ਇਮਤਿਹਾਨ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਵਿਦਿਆਰਥੀ ਨੂੰ ਡਵੀਜ਼ਨ ਦੇ ਸੁਧਾਰ ਲਈ ਉਸੇ ਜਮਾਤ ਵਿੱਚ ਦੁਬਾਰਾ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
8. ਅਗਲੀ ਕਲਾਸ ਵਿੱਚ ਦਾਖ਼ਲਾ ਲੈਣ ਸਮੇਂ ਵਿਦਿਆਰਥੀ ਨੂੰ ਨਵਾਂ ਦਾਖ਼ਲਾ ਫਾਰਮ ਭਰਨਾ ਪਵੇਗਾ।
9. ਸਮੇਂ ਸਮੇਂ ਤੋਂ ਬੋਰਡ / ਯੂਨੀਵਰਸਿਟੀ/ਯੂ.ਜੀ.ਸੀ. ਸਰਕਾਰ ਵੱਲੋਂ ਪ੍ਰਾਪਤ ਆਦੇਸ਼ ਅਨੁਸਾਰ ਦਾਖਲੇ ਦੇ ਨਿਯਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।
10. ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਆਪਣਾ ਤਿੰਨ ਸਾਲਾ ਬੀ.ਏ. ਦਾ ਕੋਰਸ ਵੱਧ ਤੋਂ ਵੱਧ 6 ਸਾਲਾਂ ਵਿੱਚ ਪੂਰਾ ਕਰਨਾ ਹੋਵੇਗਾ।
11. ਬਿਹਾਰ ਇਟਰਮੀਡੀਅਟ ਕੌਂਸਲ, ਪਟਨਾ ਅਤੇ ਬੋਰਡ ਆਫ ਐਜੂਕੇਸ਼ਨ ਦਿੱਲੀ ਤੋਂ ਪਾਸ ਕੀਤੀ ਪ੍ਰੀਖਿਆ ਦੇ ਆਧਾਰ ਤੇ ਦਾਖਲਾ ਨਹੀਂ ਹੋਵੇਗਾ।

## ਪਾਤਰਤਾ ਸਰਟੀਫਿਕੇਟ / ELIGIBILITY CERTIFICATE

ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ, ਬੋਰਡ ਆਫ਼ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼, ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ.ਸੀ.ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਦੇ ਦੂਜੇ ਰਾਜਾਂ ਤੋਂ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਸ ਨੂੰ ਬੀ.ਏ. ਭਾਗ ਪਹਿਲਾ ਦੇ ਦਾਖਲੇ ਸਮੇਂ ਪੰਜਾਬੀ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ । ਪਾਤਰਤਾ ਸਰਟੀਫਿਕੇਟ ਬਿਨਾ ਕੀਤੇ ਗਏ ਦਾਖਲਿਆਂ ਦੀ ਪ੍ਰਵਾਨਗੀ, ਯੂਨੀਵਰਸਿਟੀ ਵਲੋਂ ਕਿਸੇ ਵੀ ਸੂਰਤ ਵਿੱਚ ਨਹੀਂ ਕੀਤੀ ਜਾਵੇਗੀ।

## ਮਾਈਗ੍ਰੇਸ਼ਨ ਸਰਟੀਫਿਕੇਟ/MIGRATION CERTIFICATE

ਪੰਜਾਬ ਸਕੂਲ ਸਿਖਿਆ ਬੋਰਡ, ਹਰਿਆਣਾ ਸਕੂਲ ਸਿੱਖਿਆ ਬੋਰਡ, ਹਿਮਾਚਲ ਪ੍ਰਦੇਸ਼ ਸਿੱਖਿਆ ਬੋਰਡ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀਆਂ ਨੂੰ ਮਾਈਗ੍ਰੇਸ਼ਨ ਸਰਟੀਫਿਕੇਟ ਤੋਂ ਛੋਟ ਹੈ। ਉਪਰੋਕਤ ਤੋਂ ਇਲਾਵਾ ਹੋਰ ਬੋਰਡਾਂ/ਯੂਨੀਵਰਸਿਟੀਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਮਾਈਗ੍ਰੇਸ਼ਨ ਸਰਟੀਫਿਕੇਟ ਦੀ ਜ਼ਰੂਰਤ ਹੈ।

## ਪੰਜਾਬੀ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਹਦਾਇਤਾਂ
## INSTRUCTIONS FROM PUNJABI UNIVERSITY PATIALA

ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ 31-08-1993 ਦੇ ਪੈਰ੍ਹਾ 2.3 ਰਾਹੀਂ ਫੈਸਲੇ ਅਨੁਸਾਰ ਵਿਗਿਆਨ, ਕਾਮਰਸ ਅਤੇ ਹੋਰ ਤਕਨੀਕੀ ਵਿਸ਼ਿਆਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਜਿਨ੍ਹਾਂ ਨੇ ਪਹਿਲਾਂ ਮੈਟ੍ਰਿਕ ਪੱਧਰ ਤੱਕ ਪੰਜਾਬੀ ਦੀ ਪ੍ਰੀਖਿਆ ਪਾਸ ਨਹੀਂ ਕੀਤੀ, ਉਨ੍ਹਾਂ ਲਈ ਆਪਣੇ ਕੋਰਸ ਦੌਰਾਨ ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਿਕਾ ਦੀ ਪ੍ਰੀਖਿਆ ਪਾਸ ਕਰਨੀ ਹੋਵੇਗੀ।

## ਲੇਟ ਦਾਖ਼ਲੇ ਸੰਬੰਧੀ / LATE ADMISSION

ਜਿਸ ਵਿਦਿਆਰਥੀ ਦਾ ਨਤੀਜਾ ਦੇਰ ਨਾਲ ਨਿਕਲਦਾ ਹੈ, ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਅੰਦਰ ਕਾਲਜ ਵਿੱਚ ਦਾਖ਼ਲੇ ਲਈ ਅਰਜ਼ੀ ਦੇ ਸਕਦਾ ਹੈ। ਪ੍ਰੀਖਿਆ ਦੇ ਪੁਨਰ ਮੁਲਾਂਕਣ ਦੇ ਨਤੀਜੇ ਤੋਂ ਬਾਅਦ ਅਗਲੀ ਕਲਾਸ ਵਿੱਚ ਦਾਖ਼ਲੇ ਦੇ ਪਾਤਰ ਵਿਦਿਆਰਥੀ ਨੂੰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਦੇ 10 ਦਿਨ ਦੇ ਅੰਦਰ-ਅੰਦਰ ਬਿਨਾਂ ਲੇਟ ਫੀਸ ਤੋਂ ਦਾਖਲਾ ਦਿੱਤਾ ਜਾ ਸਕਦਾ ਹੈ ਅਤੇ ਅਜਿਹੇ ਵਿਦਿਆਰਥੀ ਦੇ ਲੈਕਚਰ ਦਾਖਲੇ ਦੀ ਮਿਤੀ ਤੋਂ ਗਿਣੇ ਜਾਣਗੇ।

## ਗੈਪ ਕੇਸ ਸੰਬੰਧੀ / GAP CASE

1. ਪੜ੍ਹਾਈ ਵਿੱਚ ਗੈਪ ਕੇਸ ਵਾਲੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਸੀਟਾਂ ਦੀ ਉਪਲਬੱਧਤਾ ਅਤੇ ਯੂਨੀਵਰਸਿਟੀ ਦੇ ਨਿਯਮਾਂ ਦੇ ਆਧਾਰ ਤੇ ਦਾਖ਼ਲਾ ਦਿੱਤਾ ਜਾਵੇਗਾ।
2. ਦਾਖਲਾ ਲੈਣ ਵਾਲੇ ਵਿਦਿਆਰਥੀ ਨੂੰ ਗੈਪ ਸੰਬੰਧੀ ਕਾਰਨ ਦਰਸਾਉਂਦਾ ਸਵੈ-ਘੋਸ਼ਿਤ ਬਿਆਨ ਦਾਖਲਾ ਫਾਰਮ ਨਾਲ ਨੱਥੀ ਕਰਨਾ ਪਵੇਗਾ।
3. ਤਤਕਾਲੀਨ ਆਚਰਣ ਸਰਟੀਫਿਕੇਟ ਜੋ ਕਿਸੇ ਸਮਰਥ ਅਧਿਕਾਰੀ (ਗਜ਼ਟਿਡ ਅਫ਼ਸਰ/ਸਰਪੰਚ/ਮਿਉਂਸਪਲ ਕਮਿਸ਼ਨਰ) ਨੇ ਜਾਰੀ ਕੀਤਾ ਹੋਵੇ, ਨਾਲ ਲਗਾਉਣਾ ਪਵੇਗਾ।

## ਵਿਸ਼ਾ ਬਦਲਣ ਸੰਬੰਧੀ ਜਰੂਰੀ ਸੂਚਨਾ
## IMPORTANT INFORMATION REGARDING CHANGING OF SUBJECT

ਬੀ.ਏ. ਸਮੈਸਟਰ ਪਹਿਲਾ ਵਿੱਚ ਵਿਸ਼ਾ ਗਰੁੱਪ ਦੋ ਜਾਂ ਤਿੰਨ ਵਿੱਚੋਂ ਵਿਸ਼ਾ, ਦਾਖਲੇ ਦੀ ਮਿਤੀ ਤੋਂ 10 ਦਿਨ ਦੇ ਅੰਦਰ-ਅੰਦਰ ਹੀ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ. ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵਲੋਂ ਵਿਚਾਰਿਆ ਜਾਵੇਗਾ।

## ਜਰੂਰੀ ਨੋਟ

1. ਜਿਸ ਵਿਸ਼ੇ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਸ ਤੋਂ ਘੱਟ ਹੋਵੇਗੀ, ਉਹ ਵਿਸ਼ਾ ਨਹੀਂ ਪੜ੍ਹਾਇਆ ਜਾਵੇਗਾ।
2. ਬੀ.ਏ. ਭਾਗ ਪਹਿਲਾ ਵਿੱਚ ਫਿਜ਼ੀਕਲ ਐਜੂਕੇਸ਼ਨ ਵਿਸ਼ਾ ਲੈਣ ਵਾਲੀਆਂ ਵਿਦਿਆਰਥਣਾਂ ਦਾਖਲੇ ਸਮੇਂ ਆਪਣੇ ਖੇਡਾਂ ਦੇ ਸਰਟੀਫਿਕੇਟ ਨਾਲ ਲੈ ਕੇ ਆਉਣ ਅਤੇ ਉਨ੍ਹਾਂ ਨੂੰ ਪਹਿਲ ਵੀ ਦਿੱਤੀ ਜਾਵੇਗੀ।
3. ਬੀ.ਏ. ਭਾਗ ਪਹਿਲਾ (ਸਮੈਸਟਰ ਦੂਜਾ) ਵਿੱਚ ਪੰਜ ਵਿਸ਼ਿਆਂ ਤੋਂ ਇਲਾਵਾ ਹਰ ਵਿਦਿਆਰਥਣ ਲਈ Drug abuse ਵਿਸ਼ੇ ਦਾ ਪੇਪਰ ਦੇਣਾ ਜਰੂਰੀ ਹੋਵੇਗਾ।
4. ਬੀ.ਏ. ਭਾਗ ਦੂਜਾ (ਸਮੈਸਟਰ ਚੌਥਾ) ਵਿੱਚ ਪੰਜ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀਆਂ ਲਈ ਵਾਤਾਵਰਣ ਵਿਗਿਆਨ (Environment Science) ਵਿਸ਼ੇ ਦਾ ਪੇਪਰ ਦੇਣਾ ਜਰੂਰੀ ਹੋਵੇਗਾ।
5. ਗਣਿਤ ਉਹ ਵਿਦਿਆਰਥਣ ਲੈ ਸਕਦੀ ਹੈ ਜਿਸਨੇ 10+2 ਗਣਿਤ ਨਾਲ ਪਾਸ ਕੀਤੀ ਹੋਵੇ।

## ਫੀਸਾਂ ਅਤੇ ਫੰਡਾਂ ਸੰਬੰਧੀ / FEES DETAILS

**ਯੂਨੀਵਰਸਿਟੀ ਅਧੀਨ ਚਲਦੇ ਕੋਰਸਾਂ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਫੀਸ ਅਲਗ ਹੈ।**

| ਕਲਾਸ | ਟਿਊਸ਼ਨ ਫੀਸ ਬਿਨਾਂ ਰਜਿਸਟ੍ਰੇਸ਼ਨ | ਵੈਨ ਫੀਨ |
|---|---|---|
| ਬੀ.ਏ. ਭਾਗ-*I* | 15,900 | ਵਖੱਰੀ ਹੋਵੇਗੀ |
| ਬੀ.ਕਾਮ ਭਾਗ-I | 18,900 | ਵਖੱਰੀ ਹੋਵੇਗੀ |
| ਬੀ.ਸੀ.ਏ. ਭਾਗ-I | 24,900 | ਵਖੱਰੀ ਹੋਵੇਗੀ |
| ਐਮ.ਐਸ.ਸੀ. ਫੈਸ਼ਨ ਡਿਜ਼ਾਈਨਿੰਗ ਭਾਗ-I, II | 29,900 | ਵਖੱਰੀ ਹੋਵੇਗੀ |

**ਯੂਨੀਵਰਸਿਟੀ ਅਧੀਨ ਚਲਦੇ ਕੋਰਸਾਂ ਜਿਨ੍ਹਾਂ ਦੀ ਕੰਟੀਨਿਊਸ਼ਨ ਫੀਸ ਵਿੱਚ ਹੈ।**

| ਕਲਾਸ | ਟਿਊਸ਼ਨ ਫੀਸ /ਕੰਟੀਨਿਊਸ਼ਨ ਫੀਸ | ਵੈਨ ਫੀਨ |
|---|---|---|
| ਬੀ.ਏ. ਭਾਗ-II, III | 17,200 | ਵਖੱਰੀ ਹੋਵੇਗੀ |
| ਬੀ.ਕਾਮ ਭਾਗ-II, III | 18,500 | ਵਖੱਰੀ ਹੋਵੇਗੀ |
| ਬੀ.ਸੀ.ਏ. ਭਾਗ-II,III | 24,500 | ਵਖੱਰੀ ਹੋਵੇਗੀ |

### ਜਰੂਰੀ ਨੋਟ:

**ਬੀ.ਏ. / ਬੀ.ਸੀ.ਏ./ਬੀ.ਕਾਮ. ਭਾਗ ਪਹਿਲਾ ਦੀ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਫੀਸ ਅਤੇ ਬੀ.ਏ. / ਬੀ.ਸੀ.ਏ./ ਬੀ.ਕਾਮ ਭਾਗ ਦੂਜਾ ਅਤੇ ਤੀਜਾ ਦੀ ਕੰਟੀਨਿਊਸ਼ਨ ਫੀਸ ਕਾਲਜ ਫੀਸ ਵਿੱਚੋਂ ਹੀ ਭਰੀ ਜਾਵੇਗੀ। ਹੁਣ ਤੱਕ ਇਹ ਫੀਸ ਕਾਲਜ ਵਿੱਚ ਵੱਖਰੇ ਤੌਰ ਤੇ ਲਈ ਜਾਂਦੀ ਸੀ । ਯੂਨੀਵਰਸਿਟੀ ਦੀ ਪ੍ਰੀਖਿਆ ਫੀਸ ਅਤੇ ਵਿਸ਼ੇ ਦੀ ਪ੍ਰੈਕਟੀਕਲ ਫੀਸ ਵੱਖਰੀ ਹੋਵੇਗੀ।**

## ਟਰਾਂਸਪੋਰਟ (TRANSPORT) ਵੈਨ ਚਾਰਜ ਸੰਬੰਧੀ ਜਾਣਕਾਰੀ

| | |
|---|---|
| 5 ਕਿਲੋਮੀਟਰ ਤੱਕ ਸਾਲਾਨਾ : | 4900/- |
| 10 ਕਿਲੋਮੀਟਰ ਤੱਕ ਸਾਲਾਨਾ : | 6,400/- |
| 15 ਕਿਲੋਮੀਟਰ ਤੱਕ ਸਾਲਾਨਾ : | 7,400/- |
| 20 ਕਿਲੋਮੀਟਰ ਤੱਕ ਸਾਲਾਨਾ : | 7,900/- |

**ਹਰ ਵਿਦਿਆਰਥਣ ਦਾ ਕਾਲਜ ਵਿੱਚ ਕਾਲਜ ਬੱਸ ਰਾਹੀਂ ਆਉਣਾ ਹੀ ਲਾਜ਼ਮੀ ਹੈ।**

## ਫੀਸ ਅਦਾਇਗੀ ਦੇ ਨਿਯਮ / PAYMENT OF FEES

1. ਕਾਲਜ ਫੀਸ ਵਿਦਿਆਰਥੀਆਂ ਤੋਂ ਦੋ ਕਿਸ਼ਤਾਂ ਵਿੱਚ ਚਾਰਜ ਕੀਤੀ ਜਾਵੇਗੀ। ਫੀਸ ਚਾਰਜ ਕਰਨ ਬਾਰੇ ਮਿੱਤੀਆ ਕਾਲਜ ਬੋਰਡ ਤੇ ਲਗਾ ਦਿੱਤੀਆਂ ਜਾਣਗੀਆਂ ਅਤੇ ਹਰੇਕ ਵਿਦਿਆਰਥੀ ਨੂੰ ਆਪਣੀ ਫੀਸ ਨਿਰਧਾਰਿਤ ਮਿਤੀ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਹੋਵੇਗੀ।
2. ਕਾਲਜ ਫੀਸ ਦੀ ਪਹਿਲੀ ਕਿਸ਼ਤ ਭਾਵ ਪਹਿਲੇ, ਤੀਜੇ ਤੇ ਪੰਜਵੇਂ ਸਮੈਸਟਰ ਦੀ ਫੀਸ ਅਤੇ ਵੈਨ ਚਾਰਜ ਦਾਖਲਾ ਕਰਵਾਉਣ ਤੋਂ ਇੱਕ ਮਹੀਨੇ ਦੇ ਅੰਦਰ ਹੀ ਭਰਨੀ ਹੋਵੇਗੀ। ਇਸੇ ਤਰ੍ਹਾਂ ਹੀ ਦੂਜੇ, ਚੌਥੇ ਅਤੇ ਛੇਵੇ ਸਮੈਸਟਰ ਦੀ ਫੀਸ ਭਾਵ ਦੂਜੀ ਕਿਸ਼ਤ ਇੱਕ ਜਨਵਰੀ ਤੋਂ 20 ਫਰਵਰੀ ਤਕ ਪੂਰੀ ਕਰਨੀ ਹੋਵੇਗੀ।
3. ਯੂਨੀਵਰਸਿਟੀ ਦੀ ਪ੍ਰੀਖਿਆ ਫੀਸ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਲਈ ਜਾਵੇਗੀ।
4. ਫੀਸ ਦੀ ਅਦਾਇਗੀ ਨਗਦ ਕਰਨੀ ਪਵੇਗੀ।
5. ਕਾਲਜ ਫੀਸ ਸਮੇਂ ਸਿਰ ਦੇਣੀ ਪਵੇਗੀ। ਸਮੇਂ ਸਿਰ ਫੀਸ ਨਾ ਭਰਨ ਤੇ ਕਾਲਜ ਵਲੋਂ ਜੁਰਮਾਨਾ ਲਿਆ ਜਾਵੇਗਾ, ਜੋ ਕਿਸੇ ਵੀ ਹਾਲਤ ਵਿੱਚ ਮੁਆਫ ਨਹੀਂ ਕੀਤਾ ਜਾਵੇਗਾ।
6. ਇੱਕ ਵਾਰ ਜਮ੍ਹਾਂ ਕਰਵਾਈ ਗਈ ਫੀਸ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਹੋਵੇਗੀ।
7. ਜੇਕਰ ਫੀਸ ਰਸੀਦ ਵਿੱਚ ਕੋਈ ਗਲਤੀ ਹੋਵੇ ਤਾਂ ਦੋ ਦਿਨ ਦੇ ਅੰਦਰ ਹੀ, ਕੈਸ਼ੀਅਰ ਦੇ ਧਿਆਨ ਵਿੱਚ ਲਿਆ ਕੇ ਠੀਕ ਕਰਵਾਉਣੀ ਵਿਦਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ।

## ਫੀਸ ਮੁਆਫੀ / FEES CONSESSION

1. ਦੋ ਸਕੀਆਂ ਭੈਣਾਂ ਨੂੰ 1500/- ਰੁ: ਛੋਟ ਹੋਵੇਗੀ।
2. ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ 1500/- ਰੁ: ਛੋਟ ਹੋਵੇਗੀ ਪਰ ਅਨੁਸੂਚਿਤ ਜਾਤੀ ਦੀਆਂ ਸਕੀਆਂ ਭੈਣਾਂ ਨੂੰ ਕੁੱਲ 3000/- ਰੁ: ਹੀ ਛੋਟ ਦਿੱਤੀ ਜਾਵੇਗੀ।
3. ਗਰੀਬ ਦੇ ਲੋੜਵੰਦ ਵਿਦਿਆਰਥੀਆਂ ਦੀ ਉਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨੀ ਦੇ ਆਧਾਰ ਤੇ ਹੀ ਕੁਝ ਫੀਸ ਮਾਫ ਕੀਤੀ ਜਾਵੇਗੀ। ਜਿਸ ਉਤੇ ਮਾਤਾ ਪਿਤਾ ਦੇ ਹਸਤਾਖਰਾਂ ਤੋਂ ਬਾਦ ਤੇ ਟੀਊਟਰ ਦੀ ਸਿਫਾਰਸ਼ ਕਰਵਾਉਣ ਤੋਂ ਬਾਦ ਹੀ ਉਹ ਅਰਜੀ ਦਫ਼ਤਰ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

## ਛੁੱਟੀ ਬਾਰੇ ਸੂਚਨਾ / RULES ABOUT LEAVE

1. ਛੁੱਟੀ ਦੀ ਅਰਜੀ ਉੱਤੇ ਮਾਪੇ/ਸਰਪਰਸਤ ਦੇ ਹਸਤਾਖਰ ਹੋਣੇ ਜਰੂਰੀ ਹਨ।
2. ਕਾਲਜ ਤੋਂ4 ਦਿਨ ਤੱਕ ਦੀ ਛੁੱਟੀ ਦੀ ਅਰਜ਼ੀ ਕਲਾਸ ਇੰਚਾਰਜ ਦੀ ਸਿਫਾਰਿਸ਼ ਸਹਿਤ ਕਾਲਜ ਦਫ਼ਤਰ ਵਿੱਚ ਦਿੱਤੀ ਜਾਵੇਗੀ।
3. ਚਾਰ ਦਿਨ ਤੋਂ ਵੱਧ ਛੁੱਟੀ ਲਈ ਇੰਚਾਰਜ ਰਾਹੀਂ ਅਰਜੀ ਤੇ ਪ੍ਰਿੰਸੀਪਲ ਦੀ ਮਨਜੂਰੀ ਲਈ ਜਾਵੇਗੀ।
4. ਬਿਮਾਰੀ ਦੀ ਚਾਰ ਦਿਨਾਂ ਦੀ ਛੁੱਟੀ ਤੋਂ ਵੱਧ ਛੁੱਟੀ ਨਾਲ ਡਾਕਟਰੀ ਸਰਟੀਫਿਕੇਟ ਦੇਣਾ ਜਰੂਰੀ ਹੋਵੇਗਾ।
5. ਘਰੇਲੂ ਪ੍ਰੀਖਿਆ (M.S.T) ਤੋਂ ਗੈਰ ਹਾਜ਼ਰੀ ਲਈ ਪ੍ਰਿੰਸੀਪਲ ਸਾਹਿਬ ਕੋਲੋਂ ਲਿਖਤੀ ਰੂਪ ਵਿੱਚ ਪਹਿਲਾ ਇਜ਼ਾਜ਼ਤ ਲੈਣੀ ਜਰੂਰੀ ਹੈ। M.S.T. ਨਾ ਦੇਣ ਵਾਲੇ ਵਿਦਿਆਰਥੀਤੋਂ 100/- ਰੁ: ਪ੍ਰਤੀ ਵਿਸ਼ਾ ਜੁਰਮਾਨਾ ਲਿਆ ਜਾਵੇਗਾ।
6. ਜਿਹੜਾ ਵਿਦਿਆਰਥੀ ਅਕਾਦਮਿਕ ਸੈਸ਼ਨ ਦੌਰਾਨ 10 ਦਿਨ ਲਗਾਤਾਰ ਗੈਰਹਾਜਰ ਰਹਿੰਦਾ ਹੈ, ਉਸ ਦਾ ਨਾਂ ਕੱਟ ਦਿੱਤਾ ਜਾਵੇਗਾ। ਅਜਿਹਾ ਵਿਦਿਆਰਥੀ ਨਾਂ ਕੱਟਣ ਦੀ ਮਿਤੀ ਤੋਂ ਦੋ ਹਫਤੇ ਦੇ ਵਿੱਚ ਪ੍ਰਿੰਸੀਪਲ ਸਾਹਿਬ ਨੂੰ ਪੁਨਰ-ਦਾਖਲੇ ਲਈ ਬਿਨੈ ਪੱਤਰ ਦੇ ਸਕਦਾ ਹੈ।

## ਸ਼ਨਾਖਤੀ / ਲਾਇਬ੍ਰੇਰੀ ਕਾਰਡ / IDENTITY / LIBRARY CARD

1. ਸੈਸ਼ਨ ਦੇ ਸ਼ੁਰੂ ਵਿੱਚ ਹੀ ਦਾਖਲੇ ਸਮੇਂ ਹਰ ਇੱਕ ਵਿਦਿਆਰਥਣ ਨੂੰ ਸਨਾਖਤੀ / ਲਾਇਬ੍ਰੇਰੀ ਕਾਰਡ ਲੈਣਾ ਜਰੂਰੀ ਹੈ।
2. ਲਾਇਬ੍ਰੇਰੀ ਵਿੱਚੋਂ ਕਿਤਾਬਾਂ ਲੈਣ ਲਈ ਪੜ੍ਹਣ ਆਉਣ ਸਮੇਂ ਕਾਰਡ ਦਾ ਹੋਣਾ ਅਤਿ ਜਰੂਰੀ ਹੈ।
3. ਕਾਰਡ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਣਾ ਹੋਵੇਗਾ। ਗੁੰਮ ਹੋ ਜਾਣ ਤੇ ਦੂਜਾ ਕਾਰਡ ਬਣਾਉਣ ਲਈ ਕਾਲਜ ਦੇ ਨਿਯਮਾਂ ਅਨੁਸਾਰ ਪੈਸੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਕੇ ਨਵਾਂ ਕਾਰਡ ਤੁਰੰਤ ਬਣਵਾ ਲਿਆ ਜਾਵੇ। ਕਿਸੇ ਵੀ ਸੂਰਤ ਵਿੱਚ ਵਿਦਿਆਰਥਣ ਆਪਣੇ ਕੋਲ ਦੋ ਕਾਰਡ ਨਹੀਂ ਰੱਖ ਸਕਦੀ।
4. ਇਹ ਕਾਰਡ ਕਿਸੇ ਹੋਰ ਮੈਂਬਰ ਵਿਦਿਆਰਥੀ ਨਾਲ ਬਦਲਿਆ ਨਹੀਂ ਜਾ ਸਕਦਾ ।
5. ਕਾਰਡ ਉੱਤੇ ਲਈਆਂ ਸਾਰੀਆਂ ਕਿਤਾਬਾਂ ਦੀ ਜ਼ਿੰਮੇਵਾਰੀ ਵਿਦਿਆਰਥਣ ਦੀ ਆਪਣੀ ਹੋਵੇਗੀ।
6. ਪੁਸਤਕਾਂ ਕਢਵਾਉਣ ਵਾਲਾ ਵਿਦਿਆਰਥੀ ਕਿਸੇ ਹੋਰ ਨੂੰ ਪੁਸਤਕਾਂ ਉਧਾਰ ਨਹੀਂ ਦੇ ਸਕਦਾ।
7. ਗੁਆਚੀ ਜਾਂ ਖਰਾਬ ਕੀਤੀ ਪੁਸਤਕ ਦਾ ਵਰਤਮਾਨ ਮੁੱਲ ਭਰਨਾ ਪਵੇਗਾ।
8. ਅਖਬਾਰ ਤੇ ਪੱਤਰਕਾਵਾਂ ਸਿਰਫ ਲਾਇਬ੍ਰੇਰੀ ਵਿੱਚ ਹੀ ਪੜ੍ਹੀਆਂ ਜਾਂ ਸਕਦੀਆਂ ਹਨ ।
9. ਨਿਸ਼ਚਿਤ ਸਮੇਂ ਭਾਵ 15 ਦਿਨ ਤੋਂ ਵੱਧ ਕਿਤਾਬਾਂ ਰਖਣ ਵਾਲੇ ਹਰ ਵਿਦਿਆਰਥੀ ਨੂੰ ਹਰ ਪੁਸਤਕ ਦਾ ਇੱਕ ਰੁਪਇਆ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ।

## ਲੇਖਾ ਚੁਕਾਈ ਸਰਟੀਫਿਕੇਟ / NO DUES CERTIFICATE

ਹਰ ਵਿਦਿਆਰਥਣ ਮੈਂਬਰ ਨੂੰ ਰੋਲ ਨੰਬਰ ਲੈਣ ਸਮੇਂ ਉਸ ਦੇ ਸਨਾਖਤੀ ਕਾਰਡ ਉੱਤੇ No dues certificate ਲੈਣਾ ਜਰੂਰੀ ਹੈ। ਜਿਸ ਉੱਤੇ ਕਲਾਸ ਇੰਚਾਰਜ, ਲਾਇਬ੍ਰੇਰੀਅਨ, ਕੰਟੀਨ ਮਾਲਕ, ਐਨ.ਐਸ.ਐਸ. ਇੰਚਾਰਜ ਅਤੇ ਸੰਬੰਧਿਤ ਇੰਚਾਰਜ ਦੇ ਹਸਤਾਖਰ ਜਰੂਰੀ ਹਨ ।

## ਅੰਦਰੂਨੀ ਮੁਲਾਂਕਣ ਪ੍ਰੀਖਿਆ ਅਤੇ ਯੂਨੀਵਰਸਿਟੀ ਸਮੈਸਟਰ ਪ੍ਰੀਖਿਆ ਲਈ ਪਾਤਰਤਾ
## Internal Assessment Test and Eligibility For University Exams

ਯੂਨੀਵਰਸਿਟੀ ਦੀਆਂ ਸਮੈਸਟਰ ਪ੍ਰੀਖਿਆ ਪ੍ਰਣਾਲੀ ਦੇ ਕੋਰਸਾਂ ਵਿੱਚ ਪਹਿਲੇ ਸਮੈਸਟਰ ਵਿੱਚ ਦੋ ਮਿਡ ਸਮੈਸਟਰ ਟੈਸਟ ਅੰਦਰੂਨੀ ਮੁਲਾਂਕਣ ਲਈ ਲਏ ਜਾਣਗੇ । ਇਸੇ ਪ੍ਰਕਾਰ ਦੂਸਰੇ ਸਮੈਸਟਰ ਵਿੱਚ ਦੋ ਮਿਡ ਸਮੈਸਟਰ ਟੈਸਟ ਅੰਦਰੂਨੀ ਮੁਲਾਂਕਣ ਲਈ ਲਏ ਜਾਣਗੇ। ਇਸ ਤੋਂ ਇਲਾਵਾ ਹਰ ਸਮੈਸਟਰ ਵਿੱਚ ਇੱਕ ਅਸਾਈਨਮੈਂਟ/ਪ੍ਰੋਜੈਕਟ ਅਧਿਆਪਕ ਦੁਆਰਾ ਦਿੱਤੇ ਵਿਸ਼ੇ ਅਨੁਸਾਰ ਸਬਮਿਟ ਕਰਨੀ ਹੋਵੇਗੀ। ਅੰਦਰੂਨੀ ਮੁਲਾਂਕਣ ਵਿੱਚ ਘੱਟੋ ਘੱਟ ਅੰਕ ਸਿਲੇਬਸ ਵਿੱਚ ਦਿੱਤੇ ਅੰਕਾਂ ਦੁਆਰਾ ਪ੍ਰਾਪਤ ਕਰਨੇ ਹੋਣਗੇ । ਵਿਦਿਆਰਥੀਆਂ ਨੂੰ 75% ਹਾਜ਼ਰੀਆਂ ਪ੍ਰੀਖਿਆ ਵਿੱਚ ਬੈਠਣ ਲਈ ਲਾਜ਼ਮੀ ਹਨ ।

ਵਿਦਿਆਰਥਣਾਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਕਤੂਬਰ ਦੇ ਦੂਸਰੇ ਜਾਂ ਤੀਸਰੇ ਹਫ਼ਤੇ ਵਿੱਚ ਆਪਣੇ ਬੱਚਿਆਂ ਦੇ ਲੈਕਚਰ ਅਤੇ ਮਾਰਚ ਦੇ ਮਹੀਨੇ ਵਿੱਚ ਉਨ੍ਹਾਂ ਦੇ ਅੰਦਰੂਨੀ ਮੁਲਾਂਕਣ ਪ੍ਰੀਖਿਆ ਦੇ ਨਤੀਜਿਆਂ ਦੀ ਸੂਚਨਾਂ ਪ੍ਰਾਪਤ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਲੈਕਚਰ ਸ਼ਾਰਟੇਜ਼ ਆਦਿ ਦਾ ਪਤਾ ਲੱਗ ਸਕੇ।

ਵਿਦਿਆਰਥਣਾਂ ਵੱਲੋਂ ਪ੍ਰੀਖਿਆ ਫਾਰਮ ਸਾਲ ਵਿੱਚ ਦੋ ਵਾਰੀ ਅਕਤੂਬਰ ਤੇ ਫਰਵਰੀ ਵਿੱਚ ਭਰੇ ਜਾਣਗੇ । ਜੇਕਰ ਕੋਈ ਵਿਦਿਆਰਥਣ ਦਾਖ਼ਲਾ ਫ਼ਾਰਮ ਨਹੀਂ ਭਰਦੀ ਤਾਂ ਉਸ ਦੀ ਜਿੰਮੇਵਾਰ ਉਹ ਆਪ ਹੋਵੇਗੀ।

**ਜੇਕਰ ਕੋਈ ਵਿਦਿਆਰਥਣ ਕਾਲਜ ਪ੍ਰਸ਼ਾਸਨ ਨੂੰ ਸੂਚਿਤ ਕੀਤੇ ਬਿਨ੍ਹਾਂ ਲੇਟ ਫ਼ੀਸ ਨਾਲ ਪ੍ਰਾਈਵੇਟ ਪ੍ਰੀਖਿਆ ਫਾਰਮ ਕਰਦੀ ਹੈ। ਤਾਂ ਉਨ੍ਹਾਂ ਨੂੰ ਅੰਦਰੂਨੀ ਮੁਲਾਂਕਣ ਭੇਜਣ ਦੀ ਜ਼ਿੰਮੇਵਾਰੀ ਕਾਲਜ ਦੀ ਨਹੀਂ ਹੋਵੇਗੀ ਜੇਕਰ ਇਸ ਨਾਲ ਸੰਬੰਧਿਤ ਵਿਦਿਆਰਥੀ ਦੇ ਨਤੀਜੇ ਤੇ ਕੋਈ ਅਸਰ ਪੈਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੋਵੇਗੀ।**

## ਵਿਦਿਆਰਥਣਾਂ ਲਈ ਵਜ਼ੀਫੇ / SCHOLARSHIP FOR STUDENTS

ਜੇਕਰ ਤੁਸੀਂ ਕਿਸੇ ਵੀ ਵਜੀਫੇ ਦੇ ਯੋਗ ਹੋ ਤੇ ਇਸ ਲਈ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਲੋੜੀਂਦੀ ਕਾਰਵਾਈ ਲਈ ਕਾਲਜ ਦਫ਼ਤਰ ਨਾਲ ਸੰਪਰਕ ਕਰੋ। ਇੱਕ ਵਿਦਿਆਰਥੀ ਇੱਕ ਵਜ਼ੀਫਾ ਹੀ ਲੈ/ਅਪਲਾਈ ਕਰ ਸਕਦਾ ਹੈ।

**1. Post Matric Scholarship for SC/OBC**

(i) 10+2 ਵਿੱਚੋਂ ਪਾਸ

(ii) ਵਿਦਿਆਰਥੀ online : webiste : www.punjabscholarship.gov.in ਤੇ ਜਾ ਕੇ Ambedkar Site ਤੇ ਅਪਲਾਈ ਕਰਨਗੇ ਅਤੇ ਐਪਲੀਕੇਸ਼ਨ ਫਾਰਮ ਦੀ Hard Copy ਦਫ਼ਤਰ ਵਿੱਚ ਜਮ੍ਹਾਂ ਕਰਵਾਉਣਗੇ। ਜਾਂ ਉਹ ਦਫ਼ਤਰੀ ਅਮਲੇ ਤੋਂ ਸਹਾਇਤਾ ਲੈ ਸਕਦੇ ਹਨ।

(iii) SC/OBC ਵਿਦਿਆਰਥੀ ਜੇਕਰ online ਅਪਲਾਈ ਨਹੀਂ ਕਰਦੇ ਤਾਂ ਉਹਨਾਂ ਨੂੰ ਉਨ੍ਹਾਂ ਦੇ ਵਜੀਫੇ ਦੀ ਰਕਮ ਨਹੀਂ ਆਵੇਗੀ।

**2. ਕੌਮੀ ਵਜ਼ੀਫਾ ਸਕੀਮ (National Scholarship Scheme)**

(i) 10+2 ਕਲਾਸ ਦੀ ਮੈਰਿਟ ਦੇ ਆਧਾਰ ਤੇ ਬੀ.ਏ. 60% ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਮਿਲਦਾ ਹੈ।

(ii) ਬਿਨੈ ਫਾਰਮ ਪ੍ਰੀਖਿਅਕ ਸੰਸਥਾਵਾਂ ਵੱਲੋਂ ਸਿੱਧੇ ਹੀ ਯੋਗ ਵਿਦਿਆਰਥਣਾਂ ਨੂੰ ਭੇਜੇ ਜਾਂਦੇ ਹਨ।

(iii) ਫ਼ਾਰਮ ਪ੍ਰਾਪਤ ਹੋਣ ਤੋਂ 15 ਦਿਨਾਂ ਦੇ ਅੰਦਰ ਪ੍ਰਿੰਸੀਪਲ ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਨੂੰ ਅਰਜ਼ੀ ਫ਼ਾਰਮ ਪਹੁੰਚ ਜਾਣੇ ਚਾਹੀਦੇ ਹਨ।

(iv) ਜੇਕਰ ਵਿਦਿਆਰਥਣ ਯੋਗਤਾ ਪ੍ਰੀਖਿਆ ਤੋਂ ਬਾਅਦ ਹਰ ਸਾਲ 60% ਤੋਂ ਵੱਧ ਅੰਕ ਪ੍ਰਾਪਤ ਕਰਦੀ ਹੈ ਤਾਂ ਹਰ ਸਾਲ ਦੇ ਸਾਲ ਵਜ਼ੀਫੇ ਦਾ ਨਵੀਨੀਕਰਨ ਕੀਤਾ ਜਾਂਦਾ ਹੈ, ਪਰ ਵਿਦਿਆਰਥਣ ਲਈ ਆਪਣੀ ਤਰੱਕੀ ਰਿਪੋਰਟ ਅਤੇ ਨਤੀਜੇ ਦੀ ਫੋਟੋਸਟੇਟ ਕਾਪੀ ਦਫ਼ਤਰ ਵਿੱਚ ਦੇਣੀ ਜਰੂਰੀ ਹੈ।

**3. ਘਟ ਗਿਣਤੀ ਭਾਈਚਾਰੇ ਲਈ ਸਕਾਲਰਸ਼ਿਪਅ ਸਕੀਮ (Minority Scholarship Scheme)**

ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ 2.50 ਲੱਖ ਰੁਪਏ ਤੱਕ ਹੈ ਅਤੇ ਵਿਦਿਆਰਥੀ ਨੇ ਪਿਛਲੀ ਪਾਸ ਕੀਤੀ ਕਲਾਸ ਵਿੱਚ 50% ਅੰਕ ਪ੍ਰਾਪਤ ਕੀਤੇ ਹਨ, ਉਹ ਦਾਖ਼ਲਾ ਲੈਣ ਉਪਰੰਤ, ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਆਨ ਲਾਈਨ (www.scholarshipos.gov.in) ਤੇ ਅਪਲਾਈ ਕਰ ਸਕਦੇ ਹਨ।

## ਸਹਿ-ਵਿਦਿਅਕ ਸਰਗਰਮੀਆਂ / COLLEGE ACHIEVEMENTS

1. ਪੰਜਾਬੀ ਸਾਹਿਤ ਸਭਾ : ਕਾਲਜ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਸੰਬੰਧਿਤ ਵਿਦਿਆਰਥੀਆਂ ਦੀ ਸਭਾ ਬਣਾਈ ਜਾਵੇਗੀ ਤਾਂ ਕਿ ਉਨ੍ਹਾਂ ਨੂੰ ਰਚਨਾਤਮਿਕ ਅਤੇ ਉਸਾਰੂ ਸਾਹਿਤ ਦੀ ਉਸਾਰੀ ਲਈ ਪ੍ਰੇਰਿਆ ਜਾ ਸਕੇ।
2. ਵਿਦਿਆਰਥੀਆਂ ਵਿੱਚ ਸਮਾਈ ਪ੍ਰਤਿਭਾ ਨੂੰ ਪ੍ਰਗਟ ਕਰਨ ਲਈ ਕਾਲਜ ਵੱਲੋਂ ਹਰ ਸਾਲ ਗੁਣ-ਭਾਲ ਪ੍ਰਤੀਯੋਗਤਾ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਦੇ ਆਧਾਰ ਤੇ ਹੀ ਯੂਨੀਵਰਸਿਟੀ ਅਤੇ ਕਾਲਜ ਪੱਧਰ ਦੇ ਜ਼ੋਨ ਦੇ ਖੇਤਰੀ ਯੁਵਕ ਮੇਲੇ ਅਤੇ ਹੋਰ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਟੀਮਾਂ ਅਤੇ ਵਿਅਕਤੀਗਤ ਤੌਰ ਤੇ ਵਿਦਿਆਰਥੀ ਭੇਜੇ ਜਾਂਦੇ ਹਨ । ਗਿੱਧਾ, ਭੰਗੜਾ, ਸ਼ਬਦ-ਗਾਇਨ, ਗੀਤ, ਗਜ਼ਲ, ਲੋਕ-ਗੀਤ, ਲੋਕ-ਪਹਿਰਾਵਾ, ਰੰਗੋਲੀ, ਮੌਕੇ ਤੇ ਚਿੱਤਰਕਾਰੀ, ਕੋਲਾਜ, ਮੋਨੋਐਕਟਿੰਗ, ਕਾਵਿ-ਉਚਾਰਣ, ਵਾਦ-ਵਿਵਾਦ, ਕੁਈਜ਼ ਆਦਿ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ। ਕਾਲਜ ਵਿੱਚ ਭਾਸ਼ਣ ਪ੍ਰਤੀਯੋਗਤਾ ਅਤੇ ਕਵਿਤਾ ਉਚਾਰਨ ਪ੍ਰਤੀਯੋਗਤਾ ਆਦਿ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ।
3. ਵਿਦਿਆਰਥੀਆਂ ਦੇ ਯੁਵਕ ਭਲਾਈ ਕੈਂਪ ਅਤੇ ਹੋਰ ਯੁਵਕ ਸਰਗਰਮੀਆਂ ਕਰਵਾਈਆਂ ਜਾਂਦੀਆਂ ਹਨ।
4. ਵੱਖ-ਵੱਖ ਖੇਤਰਾਂ ਦੇ ਵਿਦਵਾਨ ਸੱਦ ਕੇ ਵਿਦਿਆਰਥੀਆਂ ਨਾਲ ਰੂ-ਬ-ਰੂ ਕਰਵਾਏ ਜਾਂਦੇ ਹਨ।

## ਐਨ.ਐਸ.ਐਸ. / N.S.S. UNIT

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਾਲਜ ਨੂੰ ਰਾਸ਼ਟਰੀ ਸੇਵਾ ਸਕੀਮ (ਐਨ.ਐਸ.ਐਸ.) ਦਾ ਯੂਨਿਟ ਵੀ ਦਿੱਤਾ ਗਿਆ ਹੈ। ਜਿਸ ਰਾਹੀਂ ਵਿਦਿਆਰਥੀਆਂ ਅੰਦਰ ਹੱਥੀ ਕੰਮ ਕਰਨ ਦੀ ਚੇਤਨਾ ਪੈਦਾ ਹੋਵੇਗੀ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਣਾ ਮਿਲੇਗੀ।

## ਖੇਡਾਂ / SPORTS

ਵਿਦਿਆਰਥਣਾਂ ਦੇ ਸਰਬ-ਪੱਖੀ ਵਿਕਾਸ ਵਿੱਚ ਖੇਡਾਂ ਦਾ ਪ੍ਰਮੁੱਖ ਯੋਗਦਾਨ ਹੁੰਦਾ ਹੈ। ਕਾਲਜ ਦੀ ਹਰ ਇੱਕ ਵਿਦਿਆਰਥਣ ਆਪਣੀ ਇੱਛਾ ਅਨੁਸਾਰ ਖੇਡਾਂ ਵਿੱਚ ਭਾਗ ਲੈ ਸਕਦੀ ਹੈ। ਕਾਲਜ ਵਿੱਚ ਹਰ ਸਾਲ Athletic Meet ਜਾਂ Sports day ਮਨਾਇਆ ਜਾਂਦਾ ਹੈ। ਵਿਦਿਆਰਥਣਾਂ ਨੂੰ ਯੋਗਾ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ Yoga day ਵੀ ਮਨਾਇਆ ਜਾਂਦਾ ਹੇ।

## ਕਾਲਜ ਕਮੇਟੀਆਂ / COLLEGE COMMITTEES

1. **ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ ਸੈੱਲ (Career Consultancy and Placement Cell) :** ਇਹ ਕਮੇਟੀ ਵਿਦਿਆਰਥਣਾਂ ਨੂੰ ਬੀ.ਏ. ਤੋਂ ਬਾਅਦ ਨੌਕਰੀ/ਕਿੱਤਾ ਚੁਣਨ ਲਈ ਉਚਿੱਤ ਵਿਸ਼ਿਆਂ ਦੀ ਚੋਣ ਬਾਰੇ ਸਲਾਹ ਦਿੰਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਮੇਂ, ਵੱਖ-ਵੱਖ ਅਦਾਰਿਆਂ ਵੱਲੋਂ ਕਰਵਾਏ ਜਾਣ ਵਾਲੇ ਇਮਤਿਹਾਨਾਂ ਬਾਰੇ ਸਲਾਹ ਤੇ ਜਾਣਕਾਰੀ ਦਿੰਦੀ ਹੈ।
2. **ਫੀਡ ਬੈਕ ਕਮੇਟੀ (Feed Back Committee) :** ਇਹ ਕਮੇਟੀ ਵੱਖ-ਵੱਖ ਤਰੀਕਿਆਂ ਨਾਲ ਫੀਡ ਬੈਕ ਲੈਣ ਲਈ ਬਣਾਈ ਗਈ ਹੈ। ਕਾਲਜ ਦੇ ਵਿਦਿਆਰਥੀ, ਮਾਪੇ ਅਤੇ ਸਾਬਕਾ ਵਿਦਿਆਰਥਣਾ ਤੋਂ ਕਾਲਜ ਦੀਆਂ ਵਿਦਿਅਕ ਅਤੇ ਹੋਰ ਗਤੀਵਿਧੀਆਂ ਦੀ ਜਾਣਕਾਰੀ ਲਈ ਜਾਂਦੀ ਹੈ ਤਾਂ ਜੋ ਕਾਲਜ ਤਰੱਕੀ ਕਰ ਸਕੇ ।
3. **ਸ਼ਿਕਾਇਤ ਨਿਵਾਰਨ ਕਮੇਟੀ (Grievance Redressal Comittee) :** ਇਹ ਕਮੇਟੀ ਵਿਦਿਆਰਥਣਾਂ ਦੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਬਣਾਈ ਗਈ ਹੈ। ਵਿਦਿਆਰਥੀ ਆਪਣੀਆਂ ਮੁਸ਼ਕਲਾਂ ਅਤੇ ਸ਼ਿਕਾਇਤਾਂ ਲਿਖਤੀ ਰੂਪ ਵਿੱਚ ਕਮੇਟੀ ਅੱਗੇ ਪੇਸ਼ ਕਰ ਸਕਦੇ ਹਨ।
4. **ਕਾਲਜ ਵਿੱਚ ਹਿੰਸਾ ਅਤੇ ਸ਼ੋਸ਼ਣ ਵਿਰੁੱਧ ਕਮੇਟੀ (Committee against Violence and Sexual Harassment in the College)** : ਇਹ ਕਮੇਟੀ ਦਾ ਗਠਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ ਕਿ ਵਿਦਿਆਰਥਣਾਂ ਨੂੰ ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਰੱਖਿਆ ਜਾਂ ਡਰ ਦੀ ਭਾਵਨਾ ਤੋਂ ਬਚਾਇਆ ਜਾ ਸਕੇ।

## ਕਾਲਜ ਕੈਂਪਸ ਵਿੱਚ ਧਿਆਨ ਦੇਣ ਯੋਗ ਜ਼ਰੂਰੀ ਹਦਾਇਤਾਂ (Important Instructions for the Students at College Campus)

1. **ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਾਲਜ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ (RAGGING) ਦੀ ਮਨਾਹੀ ਹੈ।**
2. ਇੱਕ ਤੋਂ ਵੱਧ ਵਾਰ ਅਨੁਸ਼ਾਸ਼ਨ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢਿਆ ਜਾ ਸਕਦਾ ਹੈ। ਅਗਲੇ ਸਾਲ ਦੇ ਦਾਖਲੇ ਤੇ ਵੀ ਪਾਬੰਧੀ ਲਗਾਈ ਜਾ ਸਕਦੀ ਹੈ।
3. ਕਾਲਜ ਵਿੱਚ ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਹੋਰ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ/ਵਰਤੋਂ ਦੀ ਸਖ਼ਤ ਮਨਾਹੀ ਹੈ। ਕਿਸੇ ਤਰ੍ਹਾਂ ਦਾ ਨਸ਼ਾ ਕਰਨ ਵਾਲੇ ਅਤੇ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਰਕਾਰੀ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।
4. ਵਿਦਿਆਰਥੀ ਨੂੰ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਤੋਂ ਪਹਿਲਾਂ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਹਾਜ਼ਰੀਆਂ ਆਦਿ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। 75% ਹਾਜ਼ਰੀਆਂ ਅਤੇ ਅੰਦਰੂਨੀ ਮੁਲਾਂਕਣ (M.S.T.) ਪ੍ਰੀਖਿਆਵਾਂ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਦਾ ਦਾਅਵੇਦਾਰ ਨਹੀਂ ਹੋਵੇਗਾ।
5. **ਵਿਦਿਆਰਥੀਆਂ ਨੂੰ ਕਾਲਜ ਵਿੱਚ ਮੋਬਾਇਲ ਫੋਨ ਦੀ ਮਨਾਹੀ ਹੈ। ਉਲੰਘਣਾ ਕਰਨ ਦੀ ਸੂਰਤ ਵਿੱਚ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਵਿਦਿਆਰਥੀ ਕਾਲਜ ਦੇ ਦਫ਼ਤਰ ਵਿੱਚ ਜ਼ਰੂਰਤ ਪੈਣ ਤੇ ਫੋਨ ਕਰ ਸਕਦੇ ਹਨ।**
6. ਨਿਯਮਾਂ ਤੋਂ ਅਣਜਾਣ ਹੋਣਾ ਸਜ਼ਾ ਤੋਂ ਬਚਣ ਦਾ ਬਹਾਨਾ ਨਹੀਂ ਹੋਵੇਗਾ।
7. ਪ੍ਰਿੰਸੀਪਲ ਸਾਹਿਬ ਦੀ ਅਗੇਤ ਆਗਿਆ ਪ੍ਰਾਪਤ ਕੀਤੇ ਬਿਨਾਂ ਕੋਈ ਮੀਟਿੰਗ ਕਾਲਜ ਵਿੱਚ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕੋਈ ਪੋਸਟਰ ਲਗਾਇਆ ਜਾ ਸਕਦਾ ਹੈ।
8. ਕਾਲਜ ਕੈਂਪਸ ਨੂੰ ਸਾਫ਼ ਰੱਖਣਾ ਹਰ ਵਿਦਿਆਰਥੀ ਦਾ ਫ਼ਰਜ਼ ਹੈ। ਕਾਗਜ਼ ਅਤੇ ਹੋਰ ਫਾਲਤੂ ਪਦਾਰਥ ਕਾਲਜ ਵਿੱਚ ਰੱਖੇ ਕੂੜੇਦਾਨਾਂ ਵਿੱਚ ਸੁੱਟੇ ਜਾਣ ।

9. ਕਾਲਜ ਚਾਰ ਦੀਵਾਰੀ ਤੇ ਪੋਸਟਰ ਲਗਾਉਣ ਜਾਂ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਤੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਨੁਕਸਾਨ ਦੀ ਪੂਰਤੀ ਸੰਬੰਧਿਤ ਵਿਦਿਆਰਥੀ ਕੋਲੋਂ ਕਰਵਾਈ ਜਾਵੇਗੀ।
10. ਕਾਲਜ ਵਿੱਚ ਦਾਖ਼ਲਾ, ਨਾਂ ਕਟਵਾਉਣ ਜਾਂ ਕਿਸੇ ਹੋਰ ਵਿਸ਼ੇ ਸੰਬੰਧੀ ਸੰਪਰਕ/ਪੱਤਰ-ਵਿਹਾਰ ਪ੍ਰਿੰਸੀਪਲ ਨਾਲ ਕੀਤਾ ਜਾਣਾ ਚਾਹੀਦਾ ਹੈ।
11. **ਕਾਲਜ ਵੱਲੋਂ ਹਰ ਸੂਚਨਾ ਨੋਟਿਸ ਬੋਰਡ 'ਤੇ ਲਗਾਈ ਜਾਂਦੀ ਹੈ। ਇਸ ਲਈ ਵਿਦਿਆਰਥੀ ਹਰ ਰੋਜ਼ ਨੋਟਿਸ ਬੋਰਡ ਜ਼ਰੂਰ ਵੇਖਣ।**
12. ਕੋਈ ਵੀ ਵਿਦਿਆਰਥੀ ਦੁਪਹਿਰ 12.00 ਵਜੇ ਤੋਂ ਪਹਿਲਾਂ ਕਾਲਜ ਤੋਂ ਬਾਹਰ ਨਹੀਂ ਜਾ ਸਕੇਗਾ। ਵਿਦਿਆਰਥਣ ਨੂੰ ਉਸਦੇ ਮਾਤਾ ਪਿਤਾ ਜਾਂ ਸਰਪ੍ਰਸਤ ਨਾਲ ਹੀ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।
13. ਕੋਈ ਵੀ ਵਿਦਿਆਰਥੀ ਕਾਲਜ ਵਿੱਚ ਕਿਸੇ ਵੀ ਬਾਹਰਲੇ ਵਿਅਕਤੀ ਨੂੰ ਆਪਣੇ ਨਾਲ ਨਹੀਂ ਲੈ ਕੇ ਆਵੇਗਾ, ਅਤੇ ਨਾ ਹੀ ਮਿਲੇਗਾ। ਅਜਿਹਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਤੇ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
14. ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਕਾਲਜ ਦੇ ਅਧਿਆਪਕਾਂ, ਕਰਮਚਾਰੀਆਂ, ਚੌਕੀਦਾਰਾਂ ਅਤੇ ਬੱਸ ਡਰਾਇਵਰਾਂ ਦਾ ਆਦਰ ਕਰਨ।
15. ਕਾਲਜ ਵਿੱਚ ਪਟਾਖੇ/ਆਤਿਸ਼ਬਾਜੀ ਚਲਾਉਣ ਦੀ ਮਨਾਹੀ ਹੈ। ਉਲੰਘਣਾਂ ਕਰਨ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
16. ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਕਾਲਜ ਦੇ ਸੁਧਾਰ ਲਈ ਆਪਣੇ ਸੁਝਾਵ ਦੇ ਸਕਦੇ ਹਨ।
17. ਵਿਦਿਆਰਥੀਆਂ ਦੀ ਸੁੱਰਖਿਆ ਅਤੇ ਅਨੁਸਾਸ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਕਾਲਜ ਕੈਂਪਸ ਵਿੱਚ ਸੀ.ਸੀ.ਟੀ.ਵੀ ਕੈਮਰੇ ਲਗਾਏ ਗਏ ਹਨ। ਪਰ ਵਿਦਿਆਰਥਣ ਦੀ ਕਿਸੇ ਵਸਤੂ, ਬੈਗ, ਪਰਸ, ਮੋਬਾਇਲ, ਕਿਤਾਬ, ਨੋਟਸ, ਆਦਿ ਦੀ ਚੋਰੀ ਫੜਨ ਦੀ ਜਾਂ ਜਾਣਕਾਰੀ ਸੰਬੰਧੀ ਇਹਨਾਂ ਦੀ ਵਰਤੋਂ ਨਹੀਂ ਹੋਵੇਗੀ।
18. ਇਸ ਲਈ ਵਿਦਿਆਰਥਣਾਂ ਨੂੰ ਸਖ਼ਤ ਹਦਾਇਤ ਹੈ ਕਿ ਉਹ ਆਪਣੇ ਨਾਲ ਕੀਮਤੀ ਨਗਦੀ (ਕੈਸ਼) ਗਹਿਣੇ ਅਤੇ ਏ.ਟੀ.ਐਮ ਕਾਰਡ ਕਾਲਜ ਨਾ ਲੈ ਕੇ ਆਉਣ । ਗੁੰਮ ਹੋਣ ਦੀ ਸੂਰਤ ਵਿੱਚ ਜ਼ਿੰਮੇਵਾਰੀ ਸੰਬੰਧਿਤ ਵਿਦਿਆਰਥਣ ਦੀ ਹੋਵੇਗੀ।
19. ਪ੍ਰਾਸਪੈਕਟਸ ਵਿੱਚ ਦਾਖਲੇ, ਫੀਸ ਜਾਂ ਹੋਰ ਨਿਯਮਾਂ ਸੰਬੰਧੀ ਪ੍ਰਿੰਸੀਪਲ ਸਾਹਿਬ ਦੁਆਰਾ ਕੋਈ ਵੀ ਤਬਦੀਲੀ ਕੀਤੀ ਜਾ ਸਕਦੀ ਹੈ। ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।

## ਸਮੈਸਟਰ ਸਿਸਟਮ ਦੀ ਪੜ੍ਹਾਈ / SEMESTER SYSTEM

ਪਹਿਲੇ ਸਮੈਸਟਰ ਦੀ ਪੜਾਈ 15.07.2019 ਤੋਂ 20.11.2019 ਤੱਕ
ਦੂਜੇ ਸਮੈਸਟਰ ਦੀ ਪੜ੍ਹਾਈ 15.01.2020 ਤੋਂ 02.05.2020 ਤੱਕ

ਯੂਨੀਵਰਸਿਟੀ ਦੇ ਪੱਤਰ ਨੰਬਰ 6899/6900 ਮਿਤੀ 29-3-16 ਅਨੁਸਾਰ ਸਮੈਸਟਰ ਪ੍ਰਣਾਲੀ ਲਈ 31 ਅਗਸਤ ਤੋਂ ਬਾਦ ਕਿਸੇ ਵੀ ਕੋਰਸ ਵਿੱਚ ਦਾਖਲੇ ਦੀ ਸੁਵਿਧਾ / ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਜਿਸ ਮਿਤੀ ਨੂੰ ਦਾਖਲਾ ਕੀਤਾ ਜਾਣਾ ਹੈ, ਫੀਸ ਦਾ ਚਲਾਨ ਉਸੇ ਮਿਤੀ ਦਾ ਹੋਣਾ ਚਾਹੀਦਾ ਹੈ।

## ਪੰਜਾਬੀ ਯੂਨੀਵਰਸਿਟੀ ਦੁਆਰਾ ਨਿਸ਼ਚਿਤ ਛੁੱਟੀਆਂ ਦਾ ਵੇਰਵਾ / VACATIONS

| | |
|---|---|
| ਗਰਮੀਆਂ ਦੀਆਂ ਛੁੱਟੀਆਂ | 31.05.2019 ਤੋਂ 08.07.2019 ਤੱਕ |
| ਸਰਦੀਆਂ ਦੀਆਂ ਛੁੱਟੀਆਂ | 24.12.2019 ਤੋਂ 06.01.2020 ਤੱਕ |

ਨੋਟ : ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਰਕਾਰ ਵੱਲੋਂ ਨਿਸ਼ਚਿਤ ਛੁੱਟੀਆਂ ਦੀ ਸੂਚਨਾ ਸਮੇਂ-ਸਮੇਂ ਤੇ ਕਾਲਜ ਦੇ ਨੋਟਿਸ ਬੋਰਡ ਤੇ ਲਗਾ ਦਿਤੀ ਜਾਵੇਗੀ।

## ਕਾਲਜ ਸੰਪਰਕ ਟੈਲੀਫੋਨ ਨੰਬਰ / CONTACT NO.

**Mob.: 73472-72522, 01676-242022**

# ਕਾਲਜ ਦੀਆਂ ਮਹੱਤਵਪੂਰਨ ਪ੍ਰਾਪਤੀਆਂ

1. ਯੂਥ ਫੈਸ਼ਟੀਵਲ 2019-20 ਗਿੱਧਾ, ਲੱਡੀ, ਲੋਕ-ਗੀਤ, ਪਹਿਰਾਵਾ, ਲੋਕ ਕਲਾਵਾਂ, ਰੰਗੋਲੀ ਅਤੇ ਹੋਰ ਵੱਖ-ਵੱਖ ਆਈਟਮਾਂ ਵਿੱਚ
   ਵਿਦਿਆਰਥਣਾਂ ਨੇ ਭਾਗ ਲਿਆ।

- ਯੂਥ ਫੈਸਟੀਵਲ 2019-20 ਕਾਲਜ ਦੀ ਲਡੀ ਟੀਮ ਤੀਸਰਾ ਸਥਾਨ
- ਗਿੱਧਾ ਟੀਮ ਚੌਥਾ ਸਥਾਨ
- ਪਹਿਰਾਵਾ ਪ੍ਰਦਰਸ਼ਨੀ ਦੂਸਰਾ ਸਥਾਨ
- ਫੁਲਕਾਰੀ ਦੂਸਰਾ ਸਥਾਨ

2. ਅੰਤਰ ਜੋਨ ਪੰਜਾਬੀ ਯੂਨੀਵਰਸਿਟੀ ਪਟਿਆਲਾ:

- ਪਹਿਰਾਵਾ ਪ੍ਰਦਰਸ਼ਨੀ ਦੂਸਰਾ ਸਥਾਨ
- ਸੰਦੀਪ ਕੌਰ ਬੀ.ਏ.

3. ਕਲਰ ਰੱਸਾ-ਕੱਸੀ ਵਿੱਚ ਸਟੇਟ ਗੋਲਡ।
4. ਪੰਜ ਵਿਦਿਆਰਥਣਾਂ ਸਟੇਟ ਵਾਲੀਬਾਲ ਲਈ ਚਣੀਆਂ ਗਈਆਂ ।
5. ਐਨ.ਐਸ.ਐਸ. ਪੰਜਾਬੀ ਯੂਨੀਵਰਸਿਟੀ ਪਟਿਆਲਾ-2 ਯੂਨਿਟ
6. ਸਾਲਾਨਾ ਅਥਲੈਟਿਕ ਮੀਟ ।
7. ਕਾਲਜ ਕਮੇਟੀਆਂ ਪ੍ਰਾਸਪੈਕਟਸ
   ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ ਸੈੱਲ, ਫੀਡ ਬੈਕ ਕਮੇਟੀ, ਸ਼ਿਕਾਇਤ ਨਿਵਾਰਣ ਕਮੇਟੀ, ਕਾਲਜ ਵਿੱਚ ਹਿੰਸਾ ਅਤੇ ਸੋਸ਼ਣ ਵਿਰੁੱਧ ਕਮੇਟੀ।
8. ਸ਼ਕਾਲਰਸ਼ਿਪ
   1. ਘੱਟ ਗਿਣਤੀ ਸਕਾਰਸ਼ਿਪ
   2. ਕੌਮੀ ਵਜੀਫਾ ਸਕੀਮ
   3. ਸਾਲਾਨਾ ਵਿੱਦਿਅਕ ਤੇ ਇਤਿਹਾਸਿਕ ਟੂਰ
   4. ਸਾਲਾਨਾ ਜਾਗਰੁਕਤਾ ਅਭਿਆਨ ਰੈਲੀ
   5. ਪਿਛਲੇ ਚਾਰ ਸਾਲਾ ਤੋਂ +2 ਦਾ ਨਤੀਰਾ 100%
   6. ਵੱਖ-ਵੱਖ ਤਰ੍ਹਾਂ ਦੇ ਵਿੱਦਿਅਕ ਸੈਮੀਨਾਰ ਲਗਾਏ ਗਏ।



ਸਟੇਜ ਦੀ ਭੂਮਿਕਾ ਨਿਭਾ ਰਹੇ ਮੈਡਮ ਜਸਵੀਰ ਕੌਰ



ਸਲਾਨਾ ਸਮਾਗਮ ਤੇ ਪਹਿਲਾ ਵਿਦਿਆਰਥੀ
ਧਾਰਮਿਕ ਸ਼ਬਦ ਗਾਉਂਦੇ ਹੋਏ।



ਸਮਾਗਮ ਤੇ ਪਹੁੰਚੇ ਐਮ.ਐਲ.ਏ. ਸ. ਸੁਰਜੀਤ ਸਿੰਘ ਧੀਮਾਨ
ਦਾ ਵਿਦਿਆਰਥੀ ਸਵਾਗਤ ਕਰਦੇ ਹੋਏ ।



ਸਮਾਗਮ ਦਾ ਅਨੰਦ ਮਾਣ ਰਹੇ ਵਿਦਿਆਰਥੀ ।



ਮੀਸੀਜ ਧੀਮਾਨ ਸਮਾਗਮ ਵਿੱਚ ਸ਼ਿਰਕਤ ਕਰਦੇ ਹੋਏ।



ਕੋਰੀਓਗ੍ਰਾਫੀ ਦੇ ਦੌਰਾਨ ਸਕੂਲ ਵਿਦਿਆਰਥੀ।



ਲੋਕ ਨਾਚ ਲੁੱਡੀ ਡਾਂਸ ਕਰਦੀਆਂ ਕਾਲਜ ਵਿਦਿਆਰਥੀ।



ਸਕੂਲ ਵਿਦਿਆਰਥੀ ਵੈਸਟਨ ਡਾਂਸ ਕਰਦੇ ਹੋਏ।



ਕਾਲਜ ਦੀ ਵਿਦਿਆਰਥਣਾਂ ਸਲਾਨਾ ਸਮਾਗਮ ਦੇ ਦੌਰਾਨ ਗਿੱਧਾ ਪੇਸ ਕਰਦੀਆਂ ਹੋਈਆਂ।



ਸਮਾਗਮ ਦੇ ਅਖੀਰ ਵਿੱਚ ਵਿਦਿਆਰਥੀ ਤੇ ਸਟਾਫ ਮੈਂਬਰਜ਼ ਇੱਕਲੇ ਹੋ ਕੇ ਖੁਸੀ ਮਨਾਉਂਦੇ ਹੋਏ।

# ਕਾਲਜ ਦਾ ਮਾਨ



Harwinder Kaur
89.3%
Got Ist Position In 12th



Hardeep Kaur
89.1%
Got IInd Position In 12th



Jaspreet Kaur
88%
Got IIIrd Position In 12th



Navdeep Kaur
80%
Got Ist Position In B.A.-Ist



Mamta
79.3%
Got IInd Position In B.A.-Ist



Preet Kaur
80%
Got IIIrd Position In B.A.-Ist



Amanpreet Kaur
80.2%
Got Ist Position In B.A.-IInd



Pawandeep
79.9%
Got IInd Position In B.A.-IInd



Yadwinder
79.2%
Got IIIrd Position In B.A.-IInd



Veerpal
79.2%
Got IIIrd Position In B.A.-IInd



Sarbjeet Kaur
81.3%
Got Ist Position In B.A.-IIIrd



Renu Rani
77.8%
Got IInd Position In B.A.-IIIrd

Jyoti Rani
75.1%
Got IIIrd Position In B.A.-IIIrd



Palvi Rani
Got Ist Position
In B.Com-Ist



Parveen Sharma
Got IInd Position
In B.Com-Ist



Parveen Sharma
Got IIIrd Position
In B.Com-Ist



Simran Rani
Got Ist Position
In B.C.A. Ist



Navdeep Kaur
Got IInd Position
In B.C.A. Ist



Varinder
Got IIIrd Position
In B.C.A. Ist



Lakhvir Kaur
76.8 %
Got Ist Position
In M.S.C. Ist

Gagandeep Kaur
72.8 %
Got IInd Position
In M.S.C. Ist



Rajveer Kaur
71 %
Got IIIrd Position
In M.S.C. Ist



# ਵਿਸ਼ਵਕਰਮਾ ਕਾਲਜ ਲੜਕੀਆਂ
ਦਿੜ੍ਹਬਾ ਮੰਡੀ (ਸੰਗਰੂਰ)

## VISHAVKARMA COLLEGE FOR GIRLS
DIRBA MANDI (SANGRUR)

(Affiliated to Punjabi University Patiala (Aff. No. 20961)

ਕੀਮਤ : 200/–